INTERNATIONAL MAGAZINE
RNI No. 61816/95
Postal Regd. No. CHD/0081/2024-26


Date of Publishing : 21/05/2025
Page No. from 1 to 60
Date of posting
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਜੂਨ 2026



## ਗੁਰੂ ਅਰਜਨ ਸਾਹਿਬ ਜੀ (1563–1606 ਈ:)

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਜਨਮ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ 1563 ਈ: ਗੋਇੰਦਵਾਲ ਵਿਖੇ ਹੋਇਆ ਸੀ। ਆਪ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਗੁਰਸਿੱਖਾਂ ਨੂੰ ਨਾਲ ਲੈ ਕੇ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਆਪ ਜੀ ਨੇ ਸੰਨ 1604 ਈ: ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਅਤੇ ਇਸਦੇ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤੇ। ਆਪ ਜੀ ਨੂੰ 1606 ਈ: ਵਿੱਚ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਲਾਹੌਰ ਵਿੱਖੇ ਸ਼ਹੀਦ ਕੀਤਾ ਗਿਆ ਸੀ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

**ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਸਬੰਧੀ ਸਮਾਗਮ, ਰਤਵਾੜਾ ਸਾਹਿਬ ਵਿਖੇ**
**ਮਿਤੀ 18 ਜੂਨ ਨੂੰ, ਸਮਾਂ : ਸਵੇਰੇ 10.00 ਤੋਂ ਸ਼ਾਮ 4.00**



ਫਿਊਚਿਰਸਟੀਕ ਯੂਨੀਵਰਸਿਟੀ ਸ੍ਰੀ ਅਨੰਦਪੁਰ ਸਾਹਿਬ ਵਿਖੇ, ਸੰਤ ਬਾਬਾ ਲਖਬੀਰ ਸਿੰਘ ਜੀ ਸੈਮੀਨਾਰ ਵਿੱਚ ਆਪਣੇ ਵੀਚਾਰ ਰੱਖਦੇ ਹੋਏ, ਨਾਲ ਸਸ਼ੋਭਿਤ, ਸ. ਐਸ.ਪੀ.ਐਸ. ਉਬਰਾਏ (ਚਾਂਸਲਰ) ਅਤੇ ਪ੍ਰੋ. ਡਾ. ਸਰਬਜਿੰਦਰ ਸਿੰਘ ਜੀ (ਵਾਈਸ ਚਾਂਸਲਰ) ਅਤੇ ਹੋਰ ਪ੍ਰੋਫੈਸਰ ਸਾਹਿਬਾਨ, ਨਾਲ ਸਸ਼ੋਭਿਤ ਪ੍ਰਿੰਸੀਪਲ ਡਾ. ਭੁਪਿੰਦਰ ਕੌਰ ਅਤੇ ਹੋਰ ਸਟਾਫ।




ਟਰਸਟ ਰਤਵਾੜਾ ਸਾਹਿਬ ਦੇ ਬੀ.ਐਡ ਕਾਲਜ ਅਤੇ ਨਰਸਿੰਗ ਸਕੂਲ ਦੇ ਬੱਚੇ, ਚੰਡੀਗੜ੍ਹ ਯੂਨੀਵਰਸਿਟੀ ਵਿੱਚ ਵਾਤਾਵਰਣ ਦੇ ਸਬੰਧ ਵਿੱਚ ਹੋਏ ਸੈਮੀਨਾਰ ਵਿੱਚ ਸ਼ਿਰਕਤ ਕਰਦੇ ਹੋਏ।



ਬੀ.ਐਡ ਕਾਲਜ ਦੇ ਵਿਦਿਆਰਥੀਆਂ ਦੇ ਵਿਦਾਇਗੀ ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਪ੍ਰੋ. (ਡਾ.) ਸਰਬਜਿੰਦਰ ਸਿੰਘ, ਅਤੇ ਡਾ. ਭਾਈ ਸੁਖਵਿੰਦਰ ਸਿੰਘ ਸੰਬੋਧਨ ਅਤੇ ਸਨਮਾਨਿਤ ਕਰਦੇ ਹੋਏ।



ਸੰਤ ਵਰਿਆਮ ਸਿੰਘ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਵਿਖੇ ਅੱਖਾਂ ਤੇ ਦੰਦਾ ਦੇ ਕੈਂਪ ਦਾ ਦ੍ਰਿਸ਼।

# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਜੂਨ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ** ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ ਭਾਈ. (ਡਾ.) ਸੁਖਵਿੰਦਰ ਸਿੰਘ ਜੀ


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-778-574-3213

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**94172-14378, 94172-14384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

**98889-10777, 96461-01996, 94172-14381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਚਉਥੈ ਪਹਰਿ ਸਬਾਹ ਕੈ.............॥** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਮੰਞ ਪਿਆਰਾ ਗੁਰੂ ਨੂੰ.......।** | 16 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਗੁਰਬਾਣੀ ਅਨੁਸਾਰ ਸੰਤ ਕੌਣ ਹੈ?** | 23 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਜਿਨ ਹਰਿ ਜਪਿਆ ਸੇ ਹਰਿ ਹੋਏ......॥** | 29 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 7. | **ਸੁਰਤਿ ਸਬਦਿ ਭਵਸਾਗਰ ਤਰੀਐ....॥** | 34 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਗੁਰੂ ਅਰਜੁਨ ਪਰਤਖੵ ਹਰਿ** | 38 |
| | *ਡਾ. ਜਗਜੀਤ ਸਿੰਘ* | |
| 9. | **ਗੁਰਬਾਣੀ ਅਰਥ ਭੰਡਾਰ** | 43 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਜਨ ਪਰਉਪਕਾਰੀ ਆਏ - ਭਾਗ 4** | 47 |
| | *ਪ੍ਰੋ. ਗੁਰਦੇਵ ਸਿੰਘ* | |
| 11. | **ਗੁਰੂ ਨਾਨਕ ਆਗਮਨ** | 52 |
| | *ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** | 56 |
| | **ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਪ੍ਰਮੇਸ਼ਰ ਨੇ ਸ੍ਰਿਸ਼ਟੀ ਆਪਣੀ ਮੌਜ ਵਿਚ ਆ ਕੇ ਆਪਣੇ ਆਪ ਵਿਚੋਂ ਸਾਜੀ। ਆਪਣੀ ਰਚਨਾ ਬਾਰੇ ਉਹ ਆਪ ਹੀ ਜਾਣਦੇ ਹਨ -

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ - ੪*

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥* *ਅੰਗ - ੩*

ਇਸ ਸਾਜੀ ਹੋਈ ਸ੍ਰਿਸ਼ਟੀ ਵਿਚ ਅਨੇਕਾਂ ਤਰ੍ਹਾਂ ਦੇ ਜੀਵ-ਜੰਤੂ, ਪਸ਼ੂ-ਪੰਛੀ, ਬਨਸਪਤੀ ਆਦਿਕ ਚਾਰ ਖਾਣੀਆਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਦੀ ਉਤਪਤੀ ਹੋਈ। ਸਾਰੀਆਂ ਜੂਨੀਆਂ ਵਿਚ ਉਤਮ ਜੂਨੀ ਮਨੁੱਖ ਦੀ ਮੰਨੀ ਗਈ ਹੈ।

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥* *ਅੰਗ - ੧੦੭੫*

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥*
*ਅੰਗ - ੩੭੪*

*ਸਾਧੋ ਗੋਬਿੰਦ ਕੇ ਗੁਨ ਗਾਵਉ ॥*
*ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥*
*ਅੰਗ - ੨੧੯*

*ਲਖ ਚਉਰਾਸੀਹ ਜੂਨਿ ਵਿਚਿ*
*ਉਤਮੁ ਜੂਨਿ ਸੁ ਮਾਣਸ ਦੇਹੀ।*
*ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ।*
*ਕੰਨੀ ਸੁਣਦਾ ਸੁਰਤਿ ਕਰਿ ਵਾਸ ਲਏ ਨਕਿ ਸਾਸ ਸਨੇਹੀ।*
*ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ।*
*ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਤਿ ਮਤਿ ਕਿਨੇਹੀ।*
*ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ।*
*ਪਸੁ ਪਰੇਤਹੁ ਬੁਰੀ ਬੁਰੇਹੀ॥*
*ਭਾਈ ਗੁਰਦਾਸ ਜੀ, ਵਾਰ ੧੫/੩*

ਇਤਿਆਦਿਕ ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਮਨੁੱਖਾ ਦੇਹੀ ਦੀ ਅਮੋਲਕਤਾ ਅਤੇ ਚਿੰਰਕਾਲ ਬਾਦ ਮਿਲਣ ਦੇ ਆਉਂਦੇ ਹਨ। ਪਰ ਇਸ ਮਨੁੱਖਾ ਦੇਹੀ ਦੀ ਸਫਲਤਾ ਇਸ ਵਿਚ ਹੀ ਹੈ ਕਿ ਇਸ ਨੂੰ ਪ੍ਰਾਪਤ ਕਰਕੇ ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਸੇਵਾ ਸਿਮਰਨ ਕਰਕੇ ਆਪਣੇ ਮੂਲ ਦੀ ਪਛਾਣ ਕੀਤੀ ਜਾਵੇ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*
*ਅੰਗ - ੪੪੧*

ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਕੇ ਆਪਣੇ ਲਕਸ਼ ਨੂੰ ਪੂਰਾ ਕੀਤਾ ਜਾਵੇ, ਜਿਸ ਵਾਸਤੇ ਇਹ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ -

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ - ੧੩੬੫*

ਮਨੁੱਖਾਂ ਦੀ ਇਸ ਸ਼੍ਰੇਣੀ ਵਿਚ ਇਕ ਸ੍ਰੇਸ਼ਟ ਸ਼੍ਰੇਣੀ ਵੀ ਪ੍ਰਮੇਸ਼ਰ ਨੇ ਪ੍ਰਗਟ ਕੀਤੀ ਹੈ ਜਿਨ੍ਹਾਂ ਨੂੰ ਸੰਤ ਭਗਤ, ਮਹਾਂਪੁਰਸ਼, ਆਰਫ, ਪੁੱਗੀਆਂ ਰੂਹਾਂ, ਰੱਬ ਦੇ ਪਿਆਰੇ, ਆਤਮਿਕ ਅਨੰਦ ਵਿਚ ਸ਼ਰਸਾਰ, ਪਰਉਪਕਾਰੀ ਰੂਹਾਂ, ਜੀਵਨ ਮੁਕਤਿ ਆਦਿਕ ਸ਼ਬਦਾਂ ਨਾਲ ਸੰਬੋਧਨ ਕਰਕੇ ਸਤਿਕਾਰ ਦਿਤਾ ਜਾਂਦਾ ਹੈ। ਇਨ੍ਹਾਂ ਆਤਮਿਕ ਮੰਡਲ ਵਿਚ ਪ੍ਰਵੇਸ਼ ਕਰ ਚੁੱਕੇ ਸੰਤਾਂ ਮਹਾਂਪੁਰਸ਼ਾਂ ਭਾਵ ਰੱਬ ਦੇ ਪਿਆਰਿਆਂ ਨੂੰ ਪ੍ਰਗਟ ਕਰਨ ਲਈ ਹੀ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ।

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥*
*ਆਤਮੁ ਚੀਨੈ ਸੁ ਤਤੁ ਬੀਚਾਰੇ ॥* *ਅੰਗ - ੨੨੪*

ਮਨੁੱਖਾ ਜਾਤੀ ਵਿਚ ਵੀ ਚਾਰ ਤਰ੍ਹਾਂ ਦੇ ਮਨੁੱਖਾਂ ਦੀ ਵੰਡ ਕੀਤੀ ਗਈ ਹੈ। ਜਿਨ੍ਹਾਂ ਨੂੰ ਕ੍ਰਮਵਾਰ ਪਾਮਰ, ਭੋਗੀ, ਜਗਿਆਸੂ ਅਤੇ ਮੁਕਤ ਆਤਮਾਵਾਂ ਦਾ ਨਾਂ ਦਿਤਾ ਗਿਆ ਹੈ। ਪਹਿਲੇ ਦੋ ਕਿਸਮ ਦੇ ਪਾਮਰ ਅਤੇ ਭੋਗੀ ਬ੍ਰਿਤੀ ਵਾਲੇ ਸਾਰੀ ਜ਼ਿੰਦਗੀ ਮਨਮੁਖਤਾਈ ਵਿਚ ਗੁਜ਼ਾਰ ਦਿੰਦੇ ਹਨ। ਉਨ੍ਹਾਂ ਵਾਸਤੇ ਨਿਸ਼ਾਨਾ ਹੈ ਖਾਓ ਪੀਉ ਐਸ਼ ਕਰੋ। ਇਹ ਉਨ੍ਹਾਂ ਦੇ ਜੀਵਨ ਦਾ ਮਕਸਦ ਹੋਇਆ ਕਰਦਾ ਹੈ। ਇਨ੍ਹਾਂ ਦੀ ਕੋਈ ਹੋਰ ਮੰਜ਼ਿਲ-ਏ-ਮਕਸੂਦ ਨਹੀਂ ਹੋਇਆ ਕਰਦੀ। ਮਨ ਦੀ ਦੁਨੀਆਂ ਦੇ ਘੇਰੇ ਵਿਚ ਰਹਿ ਕੇ ਆਪਣਾ ਕਰਮ ਭੋਗ ਕੇ ਫੇਰ ਕਰਮ ਬੰਧਨਾਂ ਵਿਚ ਫਸ ਕੇ ਕਰਮਾਂ ਦੇ ਫਲ ਭੋਗਣ ਲਈ ਜੰਮਦੇ ਮਰਦੇ ਰਹਿੰਦੇ ਹਨ। ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਨਿੰਦਿਆ ਕਰਨੀ, ਜ਼ਾਇਜ਼ ਨਜ਼ਾਇਜ਼ ਤਰੀਕਿਆਂ ਨਾਲ ਧਨ ਇਕੱਠਾ ਕਰਨਾ, ਧੋਖੇ ਕਰਨੇ, ਪਾਪ ਕਰਨੇ ਇਤਿਆਦਿਕ ਨਿਖਿਧ ਕੰਮ 'ਚ ਇਨ੍ਹਾਂ ਦਾ ਜੀਵਨ ਬਤੀਤ ਹੋ ਜਾਇਆ ਕਰਦਾ ਹੈ। ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਸਿਮਰਨ ਦੀ ਦਾਤ ਪ੍ਰਾਪਤ ਕਰਨੀ, ਇਨ੍ਹਾਂ ਦੇ ਹਿੱਸੇ ਨਹੀਂ

ਆਇਆ ਕਰਦੀ। ਤੀਸਰੀ ਸ਼੍ਰੇਣੀ ਦੇ ਜਗਿਆਸੂ ਜਨ ਹੋਇਆ ਕਰਦੇ ਹਨ ਜੋ ਇਨ੍ਹਾਂ ਤੋਂ ਬਹੁਤ ਸ੍ਰੇਸ਼ਟ ਹਨ। ਉਨ੍ਹਾਂ ਨੂੰ ਆਪਣੇ ਜੀਵਨ ਦੇ ਲਕਸ਼ ਅਤੇ ਧੇਅ ਦਾ ਪਤਾ ਹੁੰਦਾ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* ਅੰਗ - ੧੨
*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥* ਅੰਗ - ੧੧੫੯

ਇਤਿਆਦਿਕ ਅਨੇਕਾਂ ਗੁਰਬਾਣੀ ਦੇ ਸਿਧਾਂਤ ਉਨ੍ਹਾਂ ਦੇ ਅੰਦਰ ਵਸ ਕੇ ਰੋਸ਼ਨੀ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਅਤੇ ਉਤਸ਼ਾਹ ਬਖਸ਼ਦੇ ਹਨ। ਸਤਿਪੁਰਸ਼ਾਂ/ਗੁਰਮੁਖਾਂ ਦੀ ਸੰਗਤ ਵਿਚ ਜਾ ਕਰਕੇ ਇਨ੍ਹਾਂ ਨੂੰ ਸਤਿ ਅਤੇ ਅਸਤਿ ਦੀ ਸੋਝੀ ਹੋ ਜਾਂਦੀ ਹੈ।

ਇਨ੍ਹਾਂ ਤਿੰਨ ਸ਼੍ਰੇਣੀਆਂ ਤੋਂ ਉਪਰ ਸਤਿਪੁਰਸ਼ ਹੋਇਆ ਕਰਦੇ ਹਨ। ਉਹ ਸਮੇਂ-ਸਮੇਂ ਸਿਰ ਇਸ ਲੋਕ ਮੰਚ ਤੇ ਆ ਕੇ ਇਨ੍ਹਾਂ ਤਿੰਨਾਂ ਸ਼੍ਰੇਣੀਆਂ ਨੂੰ ਗੁਰੂ ਦੀ ਬਾਣੀ ਨਾਲ ਇਹ ਸੋਝੀ ਕਰਾਉਂਦੇ ਹਨ ਕਿ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
ਅੰਗ - ੬੩੧

ਇਨ੍ਹਾਂ ਬਾਰੇ ਧੁਰ ਕੀ ਬਾਣੀ ਵਿਚ ਫੁਰਮਾਨ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
ਅੰਗ - ੧੩੭੩

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* ਅੰਗ - ੩੯੭

*ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*
ਬਚਿਤ੍ਰ ਨਾਟਕ

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥* ਅੰਗ - ੨੯੬

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*

ਅੰਗ - ੩੧੯

ਗੁਰਬਾਣੀ ਦੇ ਪ੍ਰਕਾਸ਼ਮਈ ਗਿਆਨ ਰਾਹੀਂ ਸਾਰੇ ਸੰਸਾਰ ਨੂੰ ਸੋਝੀ ਦਿੰਦੇ ਹਨ। ਜਨਮ ਮਰਨ ਦੇ ਬੰਧਨਾਂ ਤੋਂ ਛੁੱਟਣ ਦਾ ਆਤਮ ਮਾਰਗ ਦਸਦੇ ਰਹਿੰਦੇ ਹਨ। ਇਨ੍ਹਾਂ ਦੇ ਸਾਮ੍ਹਣੇ ਲੋਕ ਅਤੇ ਪ੍ਰਲੋਕ ਲਈ ਉਚੇ ਸੁੱਚੇ ਆਦਰਸ਼ ਤੇ ਉਦੇਸ਼ ਹੁੰਦੇ ਹਨ। ਪ੍ਰਮੇਸ਼ਰ ਵਲੋਂ ਇਨ੍ਹਾਂ ਪਵਿੱਤਰ ਰੂਹਾਂ/ਮੁਕਤ ਆਤਮਾਵਾਂ ਨੂੰ ਸੰਸਾਰ ਮੰਚ ਤੇ ਅੰਧਕਾਰ ਦੂਰ ਕਰਨ ਲਈ ਭੇਜਿਆ ਜਾਂਦਾ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਅਜਿੱਤੇ ਰੰਧਾਵੇ ਨਾਲ ਕੀਤਾ ਬਚਨ ਇਤਿਹਾਸ ਵਿਚ ਆਉਂਦਾ ਹੈ ਕਿ ਦਸ ਜਾਮੇ ਗੁਰੂ ਜੋਤਿ ਵਿਚ ਪ੍ਰਗਟ ਹੋਣਗੇ। 74 ਜਾਮੇ ਸਾਧੂਆਂ ਦੇ ਰੂਪ ਵਿਚ ਪ੍ਰਗਟ ਹੋ ਕੇ, ਉਨ੍ਹਾਂ ਰਾਹੀਂ ਸੰਸਾਰ ਦੀ ਕਲਿਆਣ ਕਰਾਂਗੇ। ਸੰਸਾਰ ਦੇ ਅੰਦਰ ਧਾਰਮਿਕ ਪਵਿੱਤਰ ਥਾਵਾਂ, ਜਿਨ੍ਹਾਂ ਨੂੰ ਜੜ੍ਹ ਤੀਰਥ ਕਿਹਾ ਜਾਂਦਾ ਹੈ, ਪ੍ਰਗਟ ਹੋਈਆਂ। ਦੂਜੀ ਤਰ੍ਹਾਂ ਦੇ ਜੰਗਮ ਤੀਰਥ ਸਾਧੂ, ਸੰਤ, ਆਰਫ, ਦਰਵੇਸ਼ ਦੇ ਰੂਪ ਵਿਚ ਵਾਹਿਗੁਰੂ ਜੀ ਨੇ ਪ੍ਰਗਟ ਕੀਤੇ। ਲੋਕਾਈ ਨੂੰ ਸਤਿ ਦਾ ਪ੍ਰਕਾਸ਼ ਦੇ ਕੇ ਵਾਹਿਗੁਰੂ ਜੀ ਨਾਲ ਮਿਲਾਉਂਦੇ ਹਨ। ***'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥'*** ਜੀਵਨ ਦੀ ਸੋਝੀ ਬਖਸ਼ਦੇ ਹਨ। ਇਹ ਹਰਿ ਜਨ ਸਤਿ ਦੇ ਪ੍ਰਕਾਸ਼ ਵਿਚ ਆਪ ਜੀਵਨ ਜੀਉ ਕੇ ਹੋਰਨਾਂ ਵਾਸਤੇ ਉਦਾਹਰਨ/ਮਾਡਲ ਵਜੋਂ ਪੇਸ਼ ਹੁੰਦੇ ਹਨ। ਇਨ੍ਹਾਂ ਦੇ ਪ੍ਰਕਾਸ਼ਮਈ ਜੀਵਨ ਅਤੇ ਬਚਨਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ/ਨਸਲਾਂ ਸਦਾ ਹੀ ਸੇਧ ਲੈਂਦੀਆਂ ਹਨ। ਪਰਉਪਕਾਰੀ ਕਾਰਜ ਅਤੇ ਟੁੱਟੀਆਂ ਰੂਹਾਂ ਨੂੰ ਰੱਬ ਨਾਲ ਜੋੜਨਾ ਇਨ੍ਹਾਂ ਦਾ ਮੁੱਖ ਉਦੇਸ਼ ਹੁੰਦਾ ਹੈ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* ਅੰਗ - ੨੭੩

ਪ੍ਰਮੇਸ਼ਰ ਦੇ ਹੁਕਮ ਵਿਚ, ਜੀਵਾਂ ਦੀ ਪ੍ਰਾਲਬਧ ਅਨੁਸਾਰ ਇਨ੍ਹਾ ਦੇ ਅੰਦਰ ਪਰਉਪਕਾਰ ਦਾ ਉਮਾਹ ਚਸ਼ਮੇ ਦੇ ਰੂਪ ਵਿਚ ਵਗਦਾ ਹੈ। ਇਹ ਸੰਤ ਮਹਾਂਪੁਰਸ਼ ਪਵਿੱਤਰ ਵਗਦੇ ਚਸ਼ਮਿਆਂ ਵਾਂਗੂੰ ਹੁੰਦੇ ਹਨ ਜੋ ਅਗਿਆਨ ਵਸ ਹੋਈ ਮਾਰੂਥਲ ਰੂਪੀ ਧਰਤੀ ਤੇ ਗਿਆਨ ਦਾ ਪ੍ਰਕਾਸ਼ ਕਰਾ ਕੇ ਠੰਢ ਵਰਤਾਉਂਦੇ ਹਨ। ਇਨ੍ਹਾਂ ਵਿਚੋਂ ਹੀ ਮਹਾਨ ਪਵਿੱਤਰ ਆਤਮਾ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਹਨ। ਆਪ ਜੀ ਇਕ ਸਖਸ਼ੀਅਤ ਦੇ ਤੌਰ ਤੇ ਹੀ ਨਹੀਂ ਵਿਚਰੇ ਸਗੋਂ ਇਕ ਸੰਸਥਾ ਰੂਪ ਹੋ ਕੇ ਉਚ ਪਾਏ ਦੇ ਪਰਉਪਕਾਰੀ ਕਾਰਜਾਂ ਵਿਚ ਸਦਾ ਹੀ ਯਤਨਸ਼ੀਲ ਰਹੇ। ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ ਵਲੋਂ ਆਪ ਜੀ ਦੀ ਆਤਮਿਕ ਛੋਹ ਪ੍ਰਾਪਤ ਕਰਨ ਉਪਰੰਤ ਬਚਨ ਕੀਤੇ ਕਿ ਆਪ ਤੋ ਪਿਆਰ ਕੇ ਸਾਗਰ ਹੋ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ 45 ਮਿੰਟ ਦੀ ਸਮਾਧੀ ਤੋਂ ਉਥਾਨ ਉਪਰੰਤ ਕੀਤੇ ਪ੍ਰਵਚਨ ਕਿ 'ਅੱਜ ਸੋਹਾਗਣ ਨੂੰ ਸੋਹਾਗਣ ਪਹਿਲੀ ਵਾਰ ਮਿਲੀ ਹੈ' ਵੀ ਇਸੇ ਰੂਹਾਨੀ ਮੰਡਲ ਦੀ ਆਤਮਿਕ ਬ੍ਰਿਤੀ ਦੇ ਭਵਿੱਖਤ ਬਚਨ ਸਨ। ਇਨ੍ਹਾਂ ਹੀ ਭਵਿੱਖਤ ਬਚਨਾਂ ਦੇ ਪ੍ਰਕਾਸ਼ ਵਿਚ ਹੀ ਆਪ ਜੀ ਵਿਚਰਦੇ ਰਹੇ।

ਅਨੇਕਾਂ ਪਰਉਪਕਾਰੀ ਕਾਰਜ ਕੀਤੇ ਜੋ ਆਉਣ ਵਾਲੀਆਂ ਸੰਗਤਾਂ ਲਈ ਸਦੀਆਂ ਤੱਕ ਚਾਨਣ ਮੁਨਾਰਾ ਬਣ ਕੇ ਮਾਰਗ ਦਰਸ਼ਨ ਕਰਦੇ ਰਹਿਣਗੇ। ਪਿਛਲੇ ਜਨਮਾਂ ਦੀ ਤਪੱਸਿਆ ਕਾਰਨ ਬਚਪਨ ਵਿਚ ਹੀ ਸੇਵਾ ਸਿਮਰਨ ਦੀ ਲਗਨ, ਵਿਰਸੇ ਤੋਂ ਮਿਲੀ ਗੁਰਮਤਿ ਦੀ ਸੋਝੀ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ ਰੂਹਾਨੀ ਜੀਵਨ ਦੀ ਆਰੰਭਤਾ ਕੀਤੀ। ਪਾਕਿਸਤਾਨ (ਸਿੰਧ) ਵਿਚ ਗੁਰਮਤਿ ਦਾ ਪ੍ਰਚਾਰ, ਅਖੰਡ ਸਮਾਧੀ ਵਿਚ ਲੀਨਤਾ, ਫੌਜ ਵਿਚ ਸਰਵਿਸ ਕਰਨੀ, ਸੈਕਟਰੀਏਟ ਵਿਚ ਸਰਵਿਸ ਕਰਨਾ, ਯੂ.ਪੀ ਵਿਚ ਸਫਲ ਕਿਸਾਨੀ ਦੇ ਨਾਲ-ਨਾਲ ਗੁਰਮਤਿ ਦਾ ਪ੍ਰਚਾਰ, ਚੰਡੀਗੜ੍ਹ, ਰੋਪੜ, ਮੋਹਾਲੀ, ਪਟਿਆਲੇ ਆਦਿ ਪਛੜੇ ਹੋਏ ਇਲਾਕਿਆਂ ਵਿਚ ਨਾਮ ਬਾਣੀ ਦਾ ਪ੍ਰਚਾਰ ਕੀਤਾ। ਰਤਵਾੜਾ ਸਾਹਿਬ ਅਸਥਾਨ ਦੀ ਸਥਾਪਨਾ, ਪਛੜੇ ਪੇਂਡੂ ਇਲਾਕੇ ਵਿਚ ਉਚ ਪਾਏ ਦੀ ਮਿਆਰੀ ਵਿਦਿਆ ਪ੍ਰਦਾਨ ਕਰਨ ਲਈ ਸਕੂਲ, ਕਾਲਜ ਸਥਾਪਿਤ ਕਰਨੇ, ਰੂਹਾਨੀ ਮੰਡਲਾਂ ਦੇ ਬਚਨ ਅਤੇ ਗੁਰਬਾਣੀ ਦੇ ਗੂੜ੍ਹ ਸਿਧਾਂਤਾਂ ਨੂੰ ਸਰਲ ਬੋਲੀ ਵਿਚ ਜਨ ਸਮੂੰਹ ਤਕ ਪਹੁੰਚਾਉਣ ਲਈ 'ਆਤਮ ਮਾਰਗ' ਮੈਗਜ਼ੀਨ ਹੋਰ ਅਨੇਕਾਂ ਧਾਰਮਿਕ ਪੁਸਤਕਾਂ, ਆਡੀਓ, ਵੀਡੀਓ ਕੈਸਟਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਕੀਤਾ। ਕੁਦਰਤੀ ਆਫਤਾਂ (ਭੁਚਾਲ, ਹੜ੍ਹਾਂ) ਦੇ ਆਉਣ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ, ਬਿਰਧ ਆਸ਼ਰਮ, ਫਰੀ ਹਸਪਤਾਲ, ਕਾਰ ਸੇਵਾ ਰਾਹੀਂ ਸੜਕ ਬਣਾਉਣੀ, ਅੱਲਾਹ ਦੀ ਬੰਦਗੀ 'ਚ ਜੁੜਨ ਲਈ ਇਸਲਾਮ ਵਿਚ ਅਕੀਦਾ/ਸ਼ਰਧਾ ਰੱਖਣ ਵਾਲੇ ਪ੍ਰੇਮੀਆਂ ਲਈ ਮਸਜਿਦ ਦਾ ਨਿਰਮਾਣ ਕਰਨਾ ਇਤਿਆਦਿਕ ਅਨੇਕਾਂ ਪਰਉਪਕਾਰੀ ਕਾਰਜਾਂ ਵਿਚੋਂ ਆਪ ਜੀ ਦੇ ਪਿਆਰੇ ਜੀਵਨ ਦੀਆਂ ਝਲਕਾਂ ਪ੍ਰਤੱਖ ਨਜ਼ਰ ਆ ਰਹੀਆਂ ਹਨ। ਆਪ ਜੀ ਦੇ ਨਾਲ ਸਤਿਕਾਰਯੋਗ ਬੀਜੀ ਨੇ ਸਦਾ ਹੀ ਸਮੁੱਚੇ ਕਾਰਜਾਂ ਵਿਚ ਦਿਨ ਰਾਤ ਸਹਿਯੋਗ ਦਿਤਾ, ਇਨ੍ਹਾਂ ਨੂੰ ਸਫਲਤਾ ਪੂਰਵਕ ਚੜ੍ਹਦੀ ਕਲਾ ਵਿਚ ਲੈ ਕੇ ਗਏ।

ਪਿਆਰੇ ਮਹਾਂਪੁਰਸ਼ਾਂ ਦਾ ਪਵਿੱਤਰ ਜਨਮ ਦਿਹਾੜਾ 17 ਜੂਨ ਨੂੰ ਆ ਰਿਹਾ ਹੈ। ਦੇਸ਼ਾਂ/ਵਿਦੇਸ਼ਾਂ ਦੀਆਂ ਸੰਗਤਾਂ ਇਸ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਏ ਜਾ ਰਹੇ ਸਮਾਗਮ ਵਿਚ ਪਹੁੰਚ ਰਹੀਆਂ ਹਨ। ਇਸ ਪਵਿੱਤਰ ਦਿਵਸ ਤਕ, ਮਹਾਂਪੁਰਸ਼ਾਂ ਦੇ ਆਗਮਨ ਦੀ ਖੁਸ਼ੀ ਵਿਚ ਆਉ! ਆਤਮ ਮਾਰਗ ਦੇ ਘੱਟੋ-ਘੱਟ 5 ਮੈਂਬਰ ਬਣਾ ਕੇ ਹਰ ਪ੍ਰੇਮੀ ਉਨ੍ਹਾਂ ਦੇ ਬਚਨਾਂ ਤੇ ਪਹਿਰਾ ਦੇਵੇ। ਉਨ੍ਹਾਂ ਦੀਆਂ ਅਸੀਸਾਂ ਦੇ ਪਾਤਰ ਬਣੀਏ।

ਉਨ੍ਹਾਂ ਵਲੋਂ ਚਲਾਏ ਸਾਰੇ ਕਾਰਜਾਂ ਨੂੰ ਗੁਰੂ ਕ੍ਰਿਪਾ ਸਦਕਾ ਟਰੱਸਟ ਦੇ ਮੈਂਬਰ ਸਾਹਿਬਾਨ ਅਤੇ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਦਿਨ ਰਾਤ ਯਤਨਸ਼ੀਲ ਹਨ। ਮਹਾਂਪੁਰਸ਼ਾਂ ਦੀ ਚਲਾਈ ਪਰਉਪਕਾਰੀ ਕਾਰਜਾਂ ਦੀ ਪਰਪਾਟੀ ਵਿਚ ਵਾਧਾ ਕਰਦਿਆਂ ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ, ਫਰੀ ਹਸਪਤਾਲ, ਲੋੜਵੰਦ ਗਰੀਬ ਬੱਚਿਆਂ ਦੀਆਂ ਫੀਸਾਂ ਮੁਆਫ, ਬੀ.ਐਡ ਅਤੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਲਈ ਫਰੀ ਹੋਸਟਲ ਦੀ ਸਹੂਲਤ ਨਵੀਆਂ ਇਮਾਰਤਾਂ ਦਾ ਨਿਰਮਾਣ ਇਤਿਆਦਿਕ ਕਾਰਜ ਚੜ੍ਹਦੀ ਕਲਾ ਵਿਚ ਚਲ ਰਹੇ ਹਨ।

ਹਥਲੇ ਅੰਕ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰ-ਏ-ਯੋਗ ਹੋਵੇਗਾ ਕਿ 18 ਜੂਨ ਨੂੰ ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਵਸ ਆ ਰਹੇ ਹਨ। ਸ੍ਰੀ ਗੁਰੂ ਨਾਨਕ ਨਾਮ ਲੇਵਾ ਸਮੂੰਹ ਸੰਗਤਾਂ ਦੇਸਾਂ ਵਿਦੇਸ਼ਾਂ ਵਿਚ ਸ਼ਰਧਾ ਭਾਵਨਾ ਨਾਲ, ਬਾਣੀ ਦੇ ਜਾਪ, ਸੇਵਾ-ਸਿਮਰਨ ਰਾਹੀਂ ਗੁਰੂ ਕੇ ਲੰਗਰ, ਛਬੀਲਾਂ ਆਦਿ ਲਗਾ ਕੇ ਇਸ ਦਿਹਾੜੇ ਰਾਹੀਂ ਸੱਚੇ ਪਾਤਸ਼ਾਹ ਨੂੰ ਨਮਸ਼ਕਾਰ ਕਰ ਰਹੀਆਂ ਹਨ। ਸੱਚ ਦੇ ਸੂਰਜ ਦੀ ਰੋਸ਼ਨੀ ਨੂੰ ਸਦੀਵੀ ਤੌਰ 'ਤੇ ਪ੍ਰਕਾਸ਼ਮਈ ਕਰਨ ਹਿਤ, ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਤੇ ਭਾਣੇ ਵਿਚ ਰਹਿ ਕੇ ਸ਼ਾਂਤਮਈ ਸ਼ਹੀਦੀ ਦਿਤੀ ਜੋ ਕਿ ਮਾਨਵਤਾ ਲਈ, ਹਰ ਸਮੇਂ ਪਰਮੇਸ਼ਰ ਦੇ ਹੁਕਮ ਵਿਚ ਰਹਿ ਕੇ, ਭਾਣੇ ਨੂੰ ਮੰਨਦਿਆਂ ਉਸ ਦੀ ਰਜ਼ਾ ਵਿਚ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦੀ ਰਹੇਗੀ। ***'ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ '*** ਦਾ ਸਦੀਵੀ ਨਾਦ, ਸਦੀਵੀ ਤੌਰ 'ਤੇ ਗੂੰਜਦਾ ਰਹੇਗਾ।

ਇਸ ਪ੍ਰਥਾਇ ਇਕ ਵਿਸਥਾਰਪੂਰਵਕ ਲੇਖ ਡਾ. ਜਗਜੀਤ ਸਿੰਘ, ਮੁੱਖ ਐਡੀਟਰ 'ਆਤਮ ਮਾਰਗ' ਵਲੋਂ ਰਚਿਤ ਦਿਤਾ ਜਾ ਰਿਹਾ ਹੈ।

ਆਸ ਹੈ ਸਮੂੰਹ ਸੰਗਤਾਂ ਦੇ ਹਿਰਦੇ ਅੰਦਰ ਹਥਲੇ ਅੰਕ ਨੂੰ ਪੜ੍ਹ-ਸੁਣ ਕੇ ਸਤਿਗੁਰਾਂ ਪ੍ਰਤੀ ਹੋਰ ਸ਼ਰਧਾ, ਪਿਆਰ, ਭਾਵਨਾ ਵਿਚ ਵਾਧਾ ਹੋਵੇਗਾ। ਸਭਨਾਂ ਲਈ ਅਰਦਾਸ ਹੈ ਸੱਚੇ ਪਾਤਸ਼ਾਹ ਆਪਣੇ ਪਿਆਰ ਨਾਲ ਸਭਨਾਂ ਨੂੰ ਸ਼ਰਸ਼ਾਰ ਕਰ, ਖੁਸ਼ੀਆਂ ਬਖਸ਼ਿਸ਼ ਕਰਨ ਜੀ।

ਅਖੀਰ ਵਿਚ ਪਿਆਰੇ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਦੀ ਸਾਰੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਆਸਾੜੁ
# ਸੰਗਰਾਂਦ - ਜੂਨ 15 (ਦਿਨ ਸੋਮਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**
**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**
**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**
**ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥**
**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥**
**ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥**
**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥**
**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥**

**ਅੰਗ - ੧੩੪**

ਮਨੁੱਖ ਦੇ ਜੀਵਨ ਅੰਦਰ ਖੇੜੇ ਅਤੇ ਸ਼ਾਂਤੀ ਦਾ ਸਬੰਧ, ਬਾਹਰਲੀ ਗਰਮੀ-ਸਰਦੀ ਜਾਂ ਸੁਖਾਂ ਦੇ ਸਾਧਨਾਂ ਨਾਲ ਨਹੀਂ ਹੈ। ਵਾਹਿਗੁਰੂ ਜੀ ਨਾਲ ਜੁੜਨ ਵਿਚ ਖੇੜਾ ਹੈ, ਸ਼ਾਂਤੀ ਹੈ। ਟੁੱਟਣ ਵਿਚ ਅਸ਼ਾਂਤੀ ਤੇ ਦੁਖ ਹਨ। 'ਦੁਖੁ ਤਦੇ ਜਾ ਵਿਸਰਿ ਜਾਵੈ॥' (ਅੰਗ-98) ਜੁੜਨ ਅਤੇ ਟੁੱਟਣ ਵਿਚ ਕੀ ਅੰਤਰ ਹੈ? ਰੁੱਤ ਬਦਲਣ ਨਾਲ ਜੀਵਨ ਦਾ ਖੇੜਾ ਕਿਵੇਂ ਬਦਲਦਾ ਹੈ? ਇਹ ਸਾਰੇ ਦਾ ਪ੍ਰਗਟਾਵਾ ਗੁਰੂ ਮਹਾਰਾਜ ਜੀ ਨੇ ਸਾਨੂੰ ਇਸ ਸ਼ਬਦ ਵਿਚ ਦਰਸਾਇਆ ਹੈ। ਭਾਰਤ ਵਰਸ਼ ਵਿਚ 'ਆਸਾੜੁ' ਦੇ ਮਹੀਨੇ ਨੂੰ ਅਤੀ ਗਰਮੀ ਦਾ ਮਹੀਨਾ ਮੰਨਿਆ ਗਿਆ ਹੈ। ਦੂਜੇ ਪਾਸੇ 'ਪੋਹ' ਮਹੀਨੇ ਨੂੰ ਅਤੀ ਸਰਦੀ ਦਾ ਮਹੀਨਾ ਮੰਨਿਆ ਜਾਂਦਾ ਹੈ। ਵਿਹਾਰਕ ਰੂਪ ਵਿਚ ਗਰਮੀ ਪੈਂਦੀ ਵੀ ਜ਼ਿਆਦਾ ਇਨ੍ਹਾਂ ਮਹੀਨਿਆਂ ਵਿਚ ਹੀ ਹੈ। ਜਦੋਂ ਸਰਦੀ ਦਾ ਪ੍ਰਕੋਪ ਪੂਰੀ ਕਾਇਨਾਤ ਝੱਲ ਰਹੀ ਹੁੰਦੀ ਹੈ ਤਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਅੰਗ - ੧੩੫*

ਭਾਵ ਜੋ ਪ੍ਰਮੇਸ਼ਰ ਨਾਲ ਜੁੜੇ ਹਨ ਉਨ੍ਹਾਂ ਨੂੰ ਕੱਕਰ ਆਦਿ (ਮਨ ਦੀ ਕਠੋਰਤਾ ਵਾਲੇ, ਕੋਰਾਪਨ ਵਾਲੇ) ਜੋਰ ਨਹੀਂ ਪਾ ਸਕਦੇ। ਇਸੇ ਤਰ੍ਹਾਂ ਮਹਾਰਾਜ ਸਾਨੂੰ ਗਰਮੀ ਦੀ ਰੁੱਤ ਵਿਚ ਉਪਦੇਸ਼ ਬਖਸ਼ਦੇ ਹਨ ਕਿ ***'ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥'*** ਭਾਵ ਜਿਹੜਾ ਜੁੜਦਾ ਹੈ, ਵਿਛੋੜੇ ਦੀਆਂ ਗਰਮ ਹਵਾਵਾਂ, ਉਸ ਨੂੰ ਨਹੀਂ ਪੋਹ ਸਕਦੀਆਂ। ਜਿਹੜੀ ਟਾਹਣੀ ਮੂਲ ਨਾਲ ਜੁੜੀ ਹੈ, ਉਸ ਨੂੰ ਗਰਮੀ ਦੀ ਮਾਰ ਵੀ ਸੁਕਾ ਨਹੀਂ ਸਕਦੀ। ਉਨ੍ਹਾਂ ਅੰਦਰ ਹਰਿਆਵਲ ਦਾ ਰਸ ਹੁੰਦਾ ਹੈ ਜੋ ਸੁਕਦਾ ਨਹੀਂ। ਇਹ ਸਭ ਕੁਝ ਉਸ ਦਾ ਮੂਲ ਨਾਲ ਜੁੜਨ ਕਰਕੇ ਹੀ ਹੈ ਪਰ ਜਿਹੜੀਆਂ ਸ਼ਾਖਾਵਾਂ ਮੂਲ ਨਾਲੋਂ ਟੁੱਟ ਜਾਂਦੀਆਂ ਹਨ, ਉਹਨਾਂ ਨੂੰ ਬਾਹਰੋਂ ਦਿਤਾ ਪਾਣੀ ਵੀ ਕੰਮ ਨਹੀਂ ਕਰਦਾ ਭਾਵ ਉਹ ਹਰੀਆਂ ਨਹੀਂ ਹੁੰਦੀਆਂ। ਉਹਨਾਂ 'ਤੇ ਬਸੰਤ ਵਿਚ ਵੀ ਖੇੜਾ ਨਹੀਂ ਆਉਂਦਾ।

*ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥*
*ਇਹੁ ਮਨੁ ਜਲਿਆ ਦੂਜੈ ਦੋਇ ॥* *ਅੰਗ- ੧੧੭੬*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ ॥ ੧ ॥ ਰਹਾਉ ॥* *ਅੰਗ- ੧੦*

ਪ੍ਰਮੇਸ਼ਰ ਨੂੰ ਛੱਡ ਕੇ ਸਭ ਕੁਝ 'ਦੂਜਾ' ਦੋਇ ਹੀ ਹੈ -

*ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥*
*ਅੰਗ- ੪੭੦*

ਇਕ ਪਾਸੇ ਸੰਬੰਧ ਟੁੱਟ ਗਿਆ, ਦੂਜੇ ਪਾਸੇ ਨੇੜੇ ਹੁੰਦਾ ਗਿਆ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥* *ਅੰਗ- ੧੩੭*

ਭਾਵ -

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ- ੯੨੧*

ਵਿਗਿਆਨਕ ਤੌਰ 'ਤੇ ਵੀ ਧਰਤੀ, ਸੂਰਜ ਦੇ ਨੇੜੇ ਜਾਂਦੀ ਹੈ ਤਾਂ ਰੁੱਤ ਬਦਲਦੀ ਹੈ। ਜਿਵੇਂ-ਜਿਵੇਂ ਧਰਤੀ 'ਤੇ ਸੂਰਜ ਦੀ ਦੂਰੀ ਵਧਦੀ ਹੈ, ਗਰਮੀ ਘਟਦੀ ਜਾਂਦੀ ਹੈ। ਇਕ ਪਾਸੇ ਸੀਤਲਤਾ ਹੈ ਦੂਜੇ ਪਾਸੇ ਤਪਸ਼ ਹੈ। ਜੇ ਜੀਵ ਸੀਤਲਤਾ ਨਾਲ ਜੁੜਿਆ ਰਹੇ ਤਾਂ ਤਪਸ਼ ਕੁਝ ਵਿਗਾੜ ਨਹੀਂ ਸਕਦੀ। ਤਪਸ਼ ਵੀ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਹੈ ਜਿਨ੍ਹਾਂ ਦੇ ਜੀਵਨ ਸੜ ਜਾਂਦੇ ਹਨ -

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ੧ ॥* *ਅੰਗ- ੬੬੧*

ਇਸ ਲਈ 'ਹਰਿ ਨਾਹ' ਭਾਵ ਹਰੀ ਪ੍ਰੀਤਮ ਜਿਹੜਾ ਕੇਵਲ ਤੇ ਕੇਵਲ ਸੀਤਲਤਾ ਹੈ, ਉਨ੍ਹਾਂ ਕੋਲ ਨਹੀਂ ਹੈ, ਉਸ ਦੀ ਹਾਜ਼ਰੀ ਪ੍ਰਾਪਤ ਨਹੀਂ ਹੈ। ਉਸ ਦੀ ਸ਼ਰਨ ਵਿਚ ਨਹੀਂ ਹਨ ਭਾਵ ਉਸ ਦੀ ਗੋਦ ਦੀ ਠੰਢਕ ਨਹੀਂ ਪ੍ਰਾਪਤ ਹੁੰਦੀ। ਉਨ੍ਹਾਂ ਨੂੰ ਹੀ ਤਪਸ਼ ਦਾ ਅਸਰ ਹੁੰਦਾ ਹੈ। ਭਾਵ -

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥**

ਜਿਹੜੇ ਜੀਵ ਪ੍ਰਮੇਸ਼ਰ ਨਾਲ ਟੁੱਟ ਜਾਣ ਤੇ ਬੁਰਿਆਈਆਂ, ਮਾਇਆ, ਪਦਾਰਥਾਂ ਦੀ ਅੱਗ ਦੀ ਲਪੇਟ ਵਿਚ ਆ ਜਾਣ ਉਹ ਭਾਵੇਂ ਹਿਮਾਲਿਆ ਪਰਬਤ 'ਤੇ ਪਹੁੰਚ ਜਾਣ ਉਥੇ ਵੀ -

*ਤਪੈ ਹਿਆਉ ਜੀਅੜਾ ਬਿਲਲਾਇ ॥* *ਅੰਗ- ੬੬੧*

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*
*ਅੰਗ- ੭੦੯*

**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**

ਰੱਬ ਨਾਲੋਂ ਟੁੱਟ ਕੇ, ਵਿਛੜ ਕੇ, ਉਸ ਦੀ ਕਿਰਤ, ਮਨੁੱਖ ਦੇ ਸਹਾਰੇ ਸੁਖੀ ਨਹੀਂ ਹੋਇਆ ਜਾ ਸਕਦਾ। ਜੋ ਆਪ ਬੰਧਨਾਂ ਵਿਚ ਹੋਵੇ, ਉਹ ਦੂਸਰੇ ਨੂੰ ਬੰਧਨਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ। ਲੱਖਾਂ/ਕ੍ਰੋੜਾਂ ਬੁਝੇ ਦੀਵੇ ਇਕ ਦੀਵੇ ਨੂੰ ਨਹੀਂ ਜਗਾ ਸਕਦੇ। ਲੱਖਾਂ ਸੁੱਤੇ ਬੰਦੇ ਇਕ ਨੂੰ ਨਹੀਂ ਜਗਾ ਸਕਦੇ। ਇਕ ਜਗਦਾ ਦੀਵਾ ਲੱਖਾਂ/ਕ੍ਰੋੜਾਂ ਬੁਝੇ ਦੀਵਿਆਂ ਨੂੰ ਜਗਾ ਸਕਦਾ ਹੈ। ਇਕ ਜਾਗਦਾ ਬੰਦਾ, ਲੱਖਾਂ ਸੁੱਤਿਆਂ ਨੂੰ ਜਗਾ ਸਕਦਾ ਹੈ -

*ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥*
*ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥*
*ਅੰਗ- ੩੩੪*

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*
*ਅੰਗ- ੬੦੮*

ਮਹਾਰਾਜ ਫੁਰਮਾਨ ਕਰਦੇ ਹਨ ਕਿ ਕੇਵਲ ਇਕ ਜਗਜੀਵਨ ਦੀ ਓਟ ਤੱਕ -

**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**

ਪ੍ਰਮੇਸ਼ਰ ਨੂੰ ਛੱਡ ਕੇ ਹੋਰ ਵਹਿਮਾਂ, ਭਰਮਾਂ, ਪਾਖੰਡਾਂ ਜਾਂ ਹੋਰ ਦੁਨਿਆਵੀ ਸਹਾਰਿਆਂ ਨਾਲ ਜਮਾਂ ਦੀ ਫਾਹੀ ਨਹੀਂ ਮਿਟਦੀ।

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥* *ਅੰਗ- ੧੩੬੮*

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ- ੭੨੯*

ਕੇਵਲ ਸਮਰੱਥ ਸਤਿਗੁਰੂ ਹਨ ਜੋ ਇਸ ਜੀਵ ਦੀ ਜਮਾਂ ਦੀ ਫਾਹੀ ਕੱਟ ਸਕਦੇ ਹਨ।

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**

ਜਿਹੋ ਜਿਹੇ ਕਰਮ ਕੀਤੇ ਹਨ, ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*

*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥*

*ਅੰਗ- ੧੩੭੯*

ਜਿਹੋ ਜਿਹਾ ਜੀਵਨ ਦਾ ਸਬੰਧ ਜੁੜਿਆ ਹੈ ਉਹੋ ਜਿਹਾ ਹੀ ਫਲ ਮਿਲਦਾ ਹੈ। ਜੇ ਜਲ, ਹਵਾ ਜਾਂ ਪਰਬਤ ਨਾਲ ਸਬੰਧ ਜੁੜਿਆ ਹੈ ਤਾਂ ਸੀਤਲਤਾ ਆਵੇਗੀ। ਜੇ ਅੱਗ ਸੂਰਜ ਨਾਲ ਸਬੰਧ ਜੁੜਿਆ ਹੈ ਤਾਂ ਤਪਸ਼ ਪ੍ਰਾਪਤ ਹੋਵੇਗੀ।

ਮਹਾਰਾਜ ਚੇਤੰਨ ਕਰਦੇ ਹਨ ਕਿ ਕਿਤੇ ਐਸਾ ਨਾ ਹੋਵੇ ਕਿ ਪ੍ਰਮੇਸ਼ਰ (ਨਾਮ ਬਾਣੀ) ਨੂੰ ਛੱਡ ਕੇ ਦੂਜੇ ਪਾਸੇ (ਸੰਸਾਰਕ ਪਦਾਰਥਾਂ ਦੀ ਚਕਾਚੌਂਧ) ਵਿਚ ਲੱਗ ਕੇ ਤਪਤ ਤੇ ਤ੍ਰਿਸ਼ਨਾ ਦੀ ਦੁਨੀਆਂ ਵਿਚ ਜਲ-ਜਲ ਕੇ ਸਾਰਾ ਜੀਵਨ ਬਰਬਾਦ ਹੋ ਜਾਏ। ਫਿਰ ਪਛਤਾਵਾ ਪੱਲੇ ਰਹਿ ਜਾਣਾ ਹੈ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*

*ਅੰਗ- ੧੪੨੮*

ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - ੧੫੬*

ਪਰ ਮਹਾਰਾਜ ਆਸ ਦੀ ਕਿਰਨ ਜਗਾਉਂਦੇ ਹੋਏ ਬਖਸ਼ਿਸ਼ ਕਰਦੇ ਹਨ -

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥

ਜੋ ਸਮਰੱਥ ਸਤਿਗੁਰੂ ਦੀ ਸੰਗਤ ਵਿਚ, ਸ਼ਰਨ ਵਿਚ ਚਲੇ ਜਾਂਦੇ ਹਨ ਉਨ੍ਹਾਂ ਦੀ ਬੰਦ ਖਲਾਸੀ ਹੋ ਜਾਂਦੀ ਹੈ। ਜੋ ਸਤਿਗੁਰੂ ਦਾ ਪੱਲਾ ਫੜਦੇ ਹਨ ਉਹ ਭਵਸਾਗਰ ਤੋਂ ਪਾਰ ਉਤਰ ਜਾਂਦੇ ਹਨ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ- ੭੪੭*

ਗੁਰੂ ਅਤੇ ਗੁਰੂ ਦੇ ਪਿਆਰਿਆਂ ਦੀ ਸੰਗਤ ਵਿਚ ਜੁੜ ਕੇ ਇਸ ਦੀ ਬੰਦ ਖਲਾਸੀ ਦਾ ਰਾਹ ਖੁਲ੍ਹ ਜਾਂਦਾ ਹੈ -

ਕਰਿ ਕਿਰਪਾ ਪ੍ਰਭ ਆਪਣੀ
ਤੇਰੇ ਦਰਸਨ ਹੋਇ ਪਿਆਸ ॥

ਹੁਣ ਇਕ ਅਰਜ਼ੋਈ ਹੈ, ਤਰਲਾ ਹੈ। ਸੱਚੇ ਪਾਤਸ਼ਾਹ ਆਪ ਕ੍ਰਿਪਾ ਕਰੋ, ਮੈਨੂੰ ਤੇਰੇ ਦਰਸ਼ਨ ਦੀ ਪਿਆਸ ਲਗ ਜਾਵੇ। ਭਾਵ -

*ਆਪਣਾ ਲਾਇਆ ਪਿਰਮੁ ਨ ਲਗਈ*
*ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*

*ਅੰਗ- ੧੩੭੮*

*ਦਰਸਨ ਪਿਆਸੀ ਦਿਨਸੁ ਰਾਤਿ*
*ਚਿਤਵਉ ਅਨਦਿਨੁ ਨੀਤ ॥*
*ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥*

*ਅੰਗ- ੭੦੩*

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥

ਇਸ ਜਲਦੇ-ਬਲਦੇ ਸੰਸਾਰ ਵਿਚ ਵਾਹਿਗੁਰੂ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ -

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*

*ਅੰਗ- ੭੯੨*

ਭਾਵ -

*ਸਗਲ ਦੁਆਰ ਕਉ ਛਾਡਿ ਕੈ*
*ਗਹਿਓ ਤੁਹਾਰੋ ਦੁਆਰ।*
*ਬਾਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ।*

ਇਸ ਜੀਵ ਨੂੰ ਤੇਰੇ ਚਰਨਾਂ ਵਿਚ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਮਹਾਰਾਜ ਧੀਰਜ ਦਿੰਦੇ ਹਨ, ਹੌਂਸਲਾ ਅਫਜ਼ਾਈ ਕਰਦੇ ਹੋਏ ਫੁਰਮਾਨ ਕਰਦੇ ਹਨ-

ਆਸਾੜੁ ਸੁਹੰਦਾ ਤਿਸੁ ਲਗੈ
ਜਿਸੁ ਮਨਿ ਹਰਿ ਚਰਣ ਨਿਵਾਸ ॥

ਜਿਸਦੇ ਹਿਰਦੇ ਵਿਚ ਪਤੀ ਪ੍ਰਮੇਸ਼ਰ ਦਾ ਵਾਸਾ ਹੋ ਗਿਆ ਉਸ ਨੂੰ ਦੁਨਿਆਵੀ ਤਪਤ ਗਰਮਾ ਨਹੀਂ ਸਕਦੀ ਭਾਵ ਅਸਰ ਨਹੀਂ ਕਰ ਸਕਦੀ। ਇਹੀ ਆਸਾੜੁ ਦਾ ਮੌਸਮ ਸੁਹਾਵਣਾ ਬਣ ਜਾਵੇਗਾ। ਇਸੇ ਵਿਚ ਸੀਤਲਤਾ ਦਾ ਸੋਮਾ ਪ੍ਰਾਪਤ ਹੋ ਜਾਵੇਗਾ। ਲੋੜ ਹੈ ਸਮਰੱਥ ਸਤਿਗੁਰੂ ਨਾਲ ਜੁੜ ਕੇ ਨਾਮ-ਬਾਣੀ ਦਾ ਵਾਸਾ ਆਪਣੇ ਹਿਰਦੇ ਵਿਚ ਕੀਤਾ ਜਾਵੇ।

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥*

*ਅੰਗ - ੯੨੨*

ਵਾਹਿਗੁਰੂ ਦੀ ਪ੍ਰੀਤੀ, ਹਿਰਦੇ ਵਿਚ ਚਰਨਾਂ ਦਾ ਨਿਵਾਸ, ਸਾਰੇ ਮੌਸਮਾਂ ਨੂੰ ਸੁਹਾਵਣਾ ਬਣਾ ਦਿੰਦਾ ਹੈ। ***'ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥'***

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-24)*

ਇਹ ਸ਼ਬਦ ਸੁਣਦੇ ਸਾਰ ਉਸ ਕੁਸ਼ਟੀ ਪੁਰਸ਼ ਦਾ ਚਿਤ ਇਕਾਗਰ ਹੋ ਗਿਆ। ਉਸ ਨੂੰ ਆਪਣਾ ਰੋਗ ਭੁੱਲ ਗਿਆ। ਗੁਰੂ ਮਹਾਰਾਜ ਜੀ ਨੇ ਦਇਆ ਕਰਕੇ ਇਸ਼ਨਾਨ ਤੋਂ ਬਚੇ ਹੋਏ ਪਾਣੀ ਵਿਚ ਉਸ ਕੋਹੜੀ ਪੁਰਸ਼ ਨੂੰ ਇਸ਼ਨਾਨ ਕਰਨ ਦੀ ਆਗਿਆ ਦਿਤੀ, ਉਸ ਦਾ ਸਰੀਰ ਕੰਚਨ ਵਰਗਾ ਹੋ ਗਿਆ ਅਤੇ ਉਸ ਦੀ ਖੁਸ਼ੀ ਦਾ ਕੋਈ ਅੰਦਾਜ਼ਾ ਨਾ ਰਿਹਾ। ਇਸ ਸਬਦ ਦੀ ਆਪਾਂ ਵਿਚਾਰ ਕਰਨੀ ਹੈ। ਜਿਸ ਤਰ੍ਹਾਂ ਨਾਲ ਕਿਸੇ ਦੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਕੋਹੜ ਹੋ ਜਾਵੇ, ਜਿਸ ਤਰ੍ਹਾਂ ਅਜਿਹਾ ਦੋਖੀ ਪੁਰਸ਼ ਵਿਰਲਾਪ ਕਰਦਾ ਹੈ, ਠੀਕ ਉਸੇ ਤਰ੍ਹਾਂ ਜਿਸ ਨੂੰ ਬਾਣੀ ਵਿਸਰ ਜਾਂਦੀ ਹੈ, ਜਿਸ ਦੇ ਅੰਦਰੋਂ ਨਾਮ-ਧੁਨ ਟੁੱਟ ਜਾਂਦੀ ਹੈ ਉਸ ਦੇ ਅੰਦਰੋਂ ਖੇੜਾ ਅਲੋਪ ਹੋ ਜਾਇਆ ਕਰਦਾ ਹੈ ਅਤੇ ਹਉਕੇ ਆਉਂਦੇ ਹਨ, ਹਾਵਿਆਂ ਅਤੇ ਅੰਦੇਸ਼ਿਆਂ ਦੇ ਨਾਲ ਪੀੜਿਆ ਜਾਂਦਾ ਹੈ। ਇਹ ਜੋ ਗੁਰੂ ਮਹਾਰਾਜ ਜੀ ਦਾ ਬਚਨ ਹੈ ਇਸ ਨੂੰ ਪੂਰੀ ਸਾਵਧਾਨੀ ਨਾਲ ਸਮਝਣ ਦਾ ਜਤਨ ਕਰੋ। ਇਸ ਵਿਚ ਬਾਣੀ ਦਾ ਜ਼ਿਕਰ ਆਇਆ ਹੈ, ਇਹ ਸਾਰਾ ਪਸਾਰਾ ਬਾਣੀ ਤੋਂ ਹੀ ਹੋਇਆ ਹੈ -

*ਏਕ ਕਵਾਵੈ ਤੇ ਸਭਿ ਹੋਆ॥ ਅੰਗ - ੧੦੦੩*

ਇਹ ਬਾਣੀ ਕਿਥੇ ਹੈ, ਸ਼ੁੱਧ ਰੂਪ ਦੇ ਅੰਦਰ ਕਿਥੇ ਨਿਵਾਸ ਕਰਦੀ ਹੈ, ਅਸ਼ੁੱਧ ਰੂਪ ਦੇ ਵਿਚ ਬਾਣੀ ਕਿਥੇ ਹੋਇਆ ਕਰਦੀ ਹੈ, ਉਸ ਨੂੰ ਗੁਰੂ ਮਹਾਰਾਜ ਜੀ ਨੇ ਜਪੁਜੀ ਸਾਹਿਬ ਦੇ ਅੰਦਰ ਵਰਣਨ ਕੀਤਾ ਹੈ। ਆਪ ਜੀ ਫੁਰਮਾਨ ਕਰਦੇ ਹਨ -

*ਸੁਅਸਤਿ ਆਥਿ ਬਾਣੀ ਬਰਮਾਉ ॥*
*ਸਤਿ ਸੁਹਾਣੁ ਸਦਾ ਮਨਿ ਚਾਉ ॥ ਅੰਗ- ੪*

ਉਹ ਬਾਣੀ ਬ੍ਰਹਮ ਦੀ ਬਾਣੀ ਹੈ ਜੋ ਏਕੰਕਾਰ ਦੇ ਦਰ ਤੋਂ ਪ੍ਰਗਟ ਹੋਈ। ਭਾਈ ਗੁਰਦਾਸ ਜੀ, ਉਸ ਬਾਰੇ ਫੁਰਮਾਨ ਕਰਦੇ ਹਨ -

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ॥*
*ਏਕੰਕਾਰਹੁੰ ਸਬਦ ਧੁਨ ਓਅੰਕਾਰ ਅਕਾਰ ਬਨਾਯਾ॥*
*ਭਾਈ ਗੁਰਦਾਸ ਜੀ, ਵਾਰ ੨੬/੨*

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ॥*
*ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥*
*ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥*
*ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥*
*ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥*
*ਰਹਾਉ ॥*
*ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥*
*ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥*
*ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥*
*ਅੰਗ - ੧੦੦੩*

ਜਿਸ ਬਾਣੀ ਦਾ ਇਥੇ ਜ਼ਿਕਰ ਕੀਤਾ ਜਾਂਦਾ ਹੈ ਉਹ ਸ਼ਬਦ ਧੁਨ ਹੋਈ ਹੈ ਜਿਸ ਤੋਂ ਖੰਡ, ਬ੍ਰਹਿਮੰਡ, ਅਕਾਸ਼, ਪਾਤਾਲ ਅਤੇ ਬੇਅੰਤ ਕਿਸਮ ਦੀ ਦੁਨੀਆਂ ਵਜੂਦ ਵਿਚ ਆ ਗਈ। ਇਹ ਬਾਣੀ ਕੋਈ ਐਸੀ ਬਾਣੀ ਹੈ ਜਿਸ ਦੇ ਬਾਰੇ ਕੁਝ ਕਹਿਣਾ ਬਣਦਾ ਨਹੀਂ ਹੈ ਕਿਉਂਕਿ ਅਸੀਂ ਪ੍ਰਕ੍ਰਿਤਕ ਬਾਣੀਆਂ ਨੂੰ ਤਾਂ ਜਾਣਦੇ ਹਾਂ, ਬੰਦੇ ਬੋਲਦੇ ਹਨ, ਪਸ਼ੂ ਬੋਲਦੇ ਹਨ, ਜੀਵ-ਜੰਤੂ ਬੋਲਦੇ ਹਨ, ਪਾਣੀ ਬੋਲਦਾ ਹੈ, ਅੱਗ ਬੋਲਦੀ ਹੈ, ਅਕਾਸ਼ ਬੋਲਦਾ ਹੈ, ਪੱਥਰ ਬੋਲਦੇ ਹਨ, ਸਾਰੇ ਬੋਲਦੇ ਹਨ ਪਰ ਹਰੇਕ ਦੀ ਆਪਣੀ-ਆਪਣੀ ਆਵਾਜ਼ ਹੈ, ਪਾਣੀ ਦੇ ਕੰਢੇ ਬੈਠ ਜਾਓ ਇਕੋ ਹੀ ਅਵਾਜ਼ ਆਵੇਗੀ ਪਰ ਇਹ ਸਾਰੀਆਂ ਅਵਾਜ਼ਾਂ ਪ੍ਰਕ੍ਰਿਤਕ ਹਨ। ਜਦੋਂ ਅਜੇ ਮਾਇਆ ਦੀ ਰਚਨਾ ਨਹੀਂ ਹੋਈ ਸੀ, ਆਪੇ ਆਪ ਹੀ ਨਿਰੰਕਾਰ ਜੀ ਆਪਣੀ ਮਹਿਮਾ ਵਿਚ ਸਥਿਤ ਸਨ, ਉਸ ਵੇਲੇ ਏਕੰਕਾਰ ਤੋਂ ਜੋ ਸ਼ਬਦ ਧੁਨ ਹੋਈ, ਉਹ ਬਾਣੀ ਹੀ ਹਰ ਘਟ ਦੇ ਅੰਦਰ ਵਿਆਪਕ

ਹੈ, ਉਸ ਨੂੰ ਚਾਹੇ ਸ਼ਬਦ ਕਹੋ ਜਾਂ ਬਾਣੀ ਕਹੋ ਜਾਂ ਕੋਈ ਧੁਨ ਕਹੋ, ਉਸ ਨੂੰ ਬਹੁਤ ਸਾਰੇ ਅਨੁਭਵੀ ਮਹਾਂਪੁਰਸ਼ ਨਾਮ-ਧੁਨ ਆਖਦੇ ਹਨ ਜੋ ਸਾਰੇ ਸਰੀਰਾਂ ਅੰਦਰ ਗੂੰਜ ਪਾ ਰਹੀ ਹੈ ਜਿਸ ਨਾਲੋਂ ਅਸੀਂ ਟੁੱਟੇ ਹੋਏ ਹਾਂ। ਮਾਇਆ ਦੀਆਂ ਅਨੇਕ ਕਿਸਮ ਦੀਆਂ ਬਾਣੀਆਂ ਵਿਚ ਭੁੱਲ ਗਏ ਹਾਂ। ਉਸ ਧੁਨ ਨੂੰ ਵਿਸਾਰ ਦਿਤਾ ਹੈ ਉਹ ਬਾਣੀ ਐਸੀ ਹੈ ਜਿਸ ਦੇ ਅੰਦਰ ਪ੍ਰਗਟ ਹੋ ਜਾਵੇ ਉਸ ਦੇ ਰੋਮ-ਰੋਮ ਦੇ ਵਿਚੋਂ ਖੇੜਾ, ਨੂਰ ਬਣ ਕੇ ਵਰਸਦਾ ਹੈ, ਉਸ ਦੀ ਦ੍ਰਿਸ਼ਟੀ ਵਿਚੋਂ ਅੰਮ੍ਰਿਤ ਵਰਸਦਾ ਹੈ ਜਿਵੇਂ ਕਿ ਫੁਰਮਾਨ ਆਉਂਦਾ ਹੈ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*

*ਅੰਗ - ੨੭੩*

ਉਸ ਦੀ ਬਾਣੀ ਵਿਚ ਬਹੁਤ ਹੀ ਖਿੱਚ ਹੋਇਆ ਕਰਦੀ ਹੈ ਕਿਉਂਕਿ ਉਸ ਸ਼ਬਦ ਦੇ ਨਾਲ ਜੁੜੀ ਹੋਣ ਕਰਕੇ ਉਹ ਪੂਰਨ ਰੂਪ ਵਿਚ ਸ਼ਕਤੀਸ਼ਾਲੀ ਹੈ ਜੋ ਬਚਨ ਵੀ ਐਸੇ ਵਿਆਕਤੀ ਦੇ ਮੂੰਹੋਂ ਨਿਕਲੇ, ਉਸ ਨੂੰ ਰੂਪਮਾਨ ਹੋਣਾ ਹੀ ਪੈਂਦਾ ਹੈ। ਇਹ ਬਾਣੀ ਦਾ ਪ੍ਰਗਟਾਵਾ ਲਗਾਤਾਰ ਖੇੜੇ ਰਾਹੀਂ ਹੁੰਦਾ ਹੈ ਉਸ ਦੇ ਸਰੀਰ ਦਾ ਕਣ-ਕਣ ਨਰੋਆ ਹੋ ਜਾਂਦਾ ਹੈ, ਨਾ ਹੀ ਉਸ ਨੂੰ ਥਕੇਵਾਂ ਹੁੰਦਾ ਹੈ, ਨਾ ਹੀ ਉਸ ਨੂੰ ਕੋਈ ਅਕੇਵਾਂ ਹੁੰਦਾ ਹੈ, ਬੁਢਾਪਾ ਉਸ ਦੇ ਅੰਦਰ ਨਹੀਂ ਆਉਂਦਾ, ਸਦਾ-ਸਦਾ ਹੀ ਇਕ ਚਾਓ ਬਣਿਆ ਰਹਿੰਦਾ ਹੈ। ਉਸ ਦੇ ਹਰ ਕਰਮ ਵਿਚ ਉਤਸ਼ਾਹ ਹੀ ਉਤਸ਼ਾਹ ਹੁੰਦਾ ਹੈ ਉਹ ਕਦੇ ਮੁਰਝਾਉਂਦਾ ਨਹੀਂ ਹੈ। ਜੁਆਨੀ ਦੇ ਪੂਰੇ ਜੋਬਨ ਵਿਚ ਮੁਰਝਾਏ ਹੋਏ ਬੰਦੇ ਦੇਖੇ ਹਨ, ਮੁਰਝਾਹਟ ਦੀਆਂ ਨਿਸ਼ਾਨੀਆਂ ਉਨ੍ਹਾਂ ਦੇ ਚਿਹਰੇ ਉਤੋਂ ਪ੍ਰਤੱਖ ਦਿਸਦੀਆਂ ਹਨ, ਚਿਹਰਾ ਫਿੱਕਾ ਪੈ ਜਾਂਦਾ ਹੈ ਜਦੋਂ ਕਿਸੇ ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ ਅੰਦਰ ਨਾਮ ਦਾ ਚਾਓ ਉਠ ਖੜ੍ਹਾ ਹੋਵੇ ਅਤੇ ਘਾਲ ਕਮਾਈ ਕਰਦਿਆਂ ਇਸ ਨਾਮ ਧੁਨ ਨਾਲ ਪ੍ਰਗਟ ਹੋ, ਉਠ ਜਾਵੇ ਤਾਂ ਉਸ ਦੇ ਚਿਹਰੇ ਉਪਰ ਖੇੜਾ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ, ਮੁਰਝਾਹਟ ਖਤਮ ਹੋ ਜਾਂਦੀ ਹੈ। ਸਰੀਰ ਦੇ ਸਾਰੇ ਸੈੱਲ ਨਾਮ ਦੀ ਕਰੰਟ ਦੀ ਛੋਹ ਨਾਲ ਮੁੜ ਕੇ ਆਪਣੇ ਅਸਲੀ ਰੂਪ ਵਿਚ ਆ ਜਾਂਦੇ ਹਨ ਅਤੇ ਬੁਢਾਪਾ ਨਜ਼ਰੀਂ ਨਹੀਂ ਆਉਂਦਾ। ਉਸ ਦੀ ਥਾਂ ਤੇ ਖਿੜਿਆ ਹੋਇਆ ਚਿਹਰਾ, ਮਿਠਾਸ ਦਾ ਭਰਿਆ ਬੋਲ, ਅੰਮ੍ਰਿਤ ਵਰਸਾਉਂਦੀ ਦ੍ਰਿਸ਼ਟੀ, ਦੇਖਦਿਆਂ ਹੀ ਉਹ ਆਪਣਾ-ਆਪਣਾ ਲਗਦਾ ਹੈ ਪਰ ਸਾਰੇ ਮਹਾਂਪੁਰਸ਼ ਦਸਦੇ ਹਨ ਕਿ ਉਹ, ਇਹ ਧੁਨ ਹੈ ਜਿਸ ਨੂੰ ਓਅੰਕਾਰ ਧੁਨ ਵੀ ਕਹਿੰਦੇ ਹਨ ਜਾਂ ਨਾਮ-ਧੁਨ ਆਖਿਆ ਜਾਂਦਾ ਹੈ, ਉਸ ਬਾਰੇ ਲਿਖਿਆ ਹੈ-

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ - ੮੭੯*

ਇਸੇ ਧੁਨ ਦੇ ਆਸਰੇ ਸਾਰੇ ਖੰਡ ਬ੍ਰਹਿਮੰਡ ਆਪਣੀ ਨਿਯਤ ਚਾਲ ਪਏ ਰਹਿੰਦੇ ਹਨ ਅਤੇ ਕੋਈ ਵੀ ਪ੍ਰਕ੍ਰਿਤਕ ਵਜੂਦ ਆਪਣੀ ਮਰਿਆਦਾ ਨਹੀਂ ਛਡਦਾ ਜਿਸ ਦੇ ਬਾਰੇ ਇਸ ਤਰ੍ਹਾਂ ਵੀ ਫੁਰਮਾਨ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥*

*ਅੰਗ- ੨੮੪*

ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਸਤਿ ਸੁਹਾਣੁ ਸਦਾ ਮਨਿ ਚਾਉ॥* *ਅੰਗ - ੪*

ਇਹ ਅਵਸਥਾ ਇਸ ਬਾਣੀ ਦੇ ਨਾਲ ਸੰਪਰਕ ਹੁੰਦਿਆਂ ਸਾਰ ਹੀ ਸਰੀਰ ਵਿਚ ਪ੍ਰਗਟ ਹੋ ਜਾਂਦੀ ਹੈ। ਉਸ ਦੇ ਅੰਦਰ ਕੋਈ ਐਸੀ ਸ਼ਕਤੀ ਪੈਦਾ ਹੋ ਜਾਂਦੀ ਹੈ ਕਿ ਜਿਥੇ ਉਹ ਚਰਨ ਧਰ ਦੇਵੇ, ਉਹ ਧੂੜ ਪਵਿੱਤਰ ਹੋ ਜਾਂਦੀ ਹੈ ਜਿਸ ਨੂੰ ਮਸਤਕ ਤੇ ਲਾਇਆਂ ਅਨੇਕਾਂ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਨਾਮ ਨਾਲ ਪਿਆਰ ਲਗਦਾ ਹੈ, ਸਦਾ ਦਾ ਖੇੜਾ ਉਸ ਅੰਦਰ ਪੈਦਾ ਹੋ ਜਾਂਦਾ ਹੈ ਕਿਉਂਕਿ ਉਸ ਦਾ ਆਦਿ ਬਾਣੀ ਦੇ ਨਾਲ ਸਬੰਧ ਜੁੜ ਗਿਆ। ਉਹ ਧੁਨ ਉਸ ਦੇ ਅੰਦਰ ਪ੍ਰਗਟ ਹੋ ਗਈ। ਜਿਸ ਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ -

*............ਸੋ ਧੁਨ ਪੂਰ ਜਗਤ ਮੋ ਰਹਾ॥*

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਇਕੁ ਕਵਾਉ ਪਸਾਉ ਕਰਿ ਓਅੰਕਾਰ ਅਕਾਰ ਸਵਾਰੇ॥*
*ਪਾਰਬ੍ਰਹਮ ਸਤਿਗੁਰ ਬਲਿਹਾਰੇ॥* *ਭਾਈ ਗੁਰਦਾਸ ਜੀ*

ਉਹ ਕਿੰਨੀ ਪਿਆਰੀ ਧੁਨ ਹੋਵੇਗੀ ਜੋ ਅਮਰ

ਬਾਣੀ ਹੈ। ਕ੍ਰਿਸ਼ਨ ਮਹਾਰਾਜ ਜੀ ਬਾਰੇ ਦਸਦੇ ਹਨ ਕਿ ਆਪ ਹਰ ਸਮੇਂ ਆਪਣੇ ਪਾਸ ਬੰਸਰੀ ਰੱਖਿਆ ਕਰਦੇ ਸਨ। ਜਿਹੜੀਆਂ ਗਊਆਂ ਉਹ ਚਾਰਦੇ ਸਨ ਜਦੋਂ ਬੰਸਰੀ ਦੀ ਅਵਾਜ਼ ਸੁਣਦੀਆਂ ਤਾਂ ਇਕ ਦਮ ਉਸ ਅਵਾਜ਼ ਦੀਆਂ ਕੀਲੀਆਂ ਹੋਈਆਂ ਚੁਗਣਾ ਛੱਡ ਦਿਆ ਕਰਦੀਆਂ ਸਨ। ਮੂੰਹ ਉਪਰ ਚੁਕ ਕੇ ਉਸ ਪਾਸੇ ਦੇਖਣਾ ਸ਼ੁਰੂ ਕਰ ਦਿੰਦੀਆਂ ਸਨ ਜਦੋਂ ਬੰਸਰੀ ਕਾਫੀ ਦੇਰ ਤਕ ਵਜਾਉਂਦੇ ਰਹਿੰਦੇ ਉਹ ਚੁਗਣਾ ਭੁੱਲ ਕੇ ਉਨ੍ਹਾਂ ਦੇ ਪਾਸ ਆ ਕੇ ਇਕੱਠੀਆਂ ਹੋ ਜਾਇਆ ਕਰਦੀਆਂ ਸਨ। ਇਸ ਦਾ ਕਾਰਨ ਇਹ ਹੋ ਸਕਦਾ ਸੀ ਕਿ ਉਹ ਧੁਨ ਐਨੀ ਸੁਰੀਲੀ ਸੀ ਕਿ ਪਸ਼ੂਆਂ ਅਤੇ ਪੰਛੀਆਂ ਨੂੰ ਮੋਹ ਲਿਆ ਕਰਦੀ ਸੀ। ਇਸੇ ਤਰ੍ਹਾ ਗੁਰੂ ਘਰ ਦੇ ਮਹਾਤਮਾਵਾਂ ਤੋਂ ਵੀ ਸੁਣਿਆ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸ਼ਬਦ ਦਾ ਉਚਾਰਨ ਕਰਦੇ ਤਾਂ ਜੰਗਲੀ ਜਾਨਵਰ ਸ਼ੇਰ, ਚੀਤੇ ਆਦਿ ਆਪਣਾ ਤਾਮਸੀ ਸੁਭਾਅ ਭੁੱਲ ਕੇ ਦੂਸਰੇ ਪਸ਼ੂਆਂ ਹਰਨ, ਬੱਕਰੀ ਆਦਿ ਦੇ ਪਾਸ ਬੈਠ ਜਾਇਆ ਕਰਦੇ ਸਨ, ਉਸ ਧੁਨ ਵਿਚ ਕੋਈ ਐਸੀ ਕਸ਼ਿਸ਼ ਸੀ ਜੋ ਇਨ੍ਹਾਂ ਹਿੰਸਕ ਪਸ਼ੂਆਂ ਨੂੰ ਵੀ ਕੀਲ ਦਿੰਦੀ ਸੀ। ਘੰਡੇਹੇੜੇ ਦਾ ਸ਼ਬਦ ਜਦੋਂ ਵਜਦਾ ਸੀ ਤਾਂ ਉਸ ਦੀ ਤਾਸੀਰ ਹਿਰਨ ਅੰਦਰ ਐਨਾ ਅਸਰ ਕਰਦੀ ਸੀ ਕਿ ਉਹ ਭੁੱਲ ਜਾਂਦਾ ਸੀ ਅਤੇ ਸ਼ਿਕਾਰੀ ਵਲ ਨੂੰ ਖੁਦ ਹੀ ਵਧਦਾ ਚਲਿਆ ਜਾਂਦਾ ਸੀ। ਉਸ ਘੰਡੇਹੇੜੇ ਦੀ ਅਵਾਜ਼ ਵਿਚ ਮਸਤ ਹੋਇਆ-ਹੋਇਆ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਸੀ। ਉਹ ਹਰਨ ਧਰਤੀ ਤੇ ਲਿਟਣ ਲਗ ਜਾਂਦਾ ਸੀ ਉਸ ਤੋਂ ਬਾਣੀ ਦੀ vibration ਸਹਿ ਨਹੀਂ ਸੀ ਹੁੰਦੀ। ਮਹਾਂਪੁਰਸ਼ ਜਿਨ੍ਹਾਂ ਨੇ ਇਸ ਬਾਣੀ ਨੂੰ ਪ੍ਰਤੱਖ ਰੂਪ ਵਿਚ ਅਨੁਭਵ ਕੀਤਾ ਹੈ ਉਹ ਦਸਦੇ ਹਨ ਕਿ ਰੋਮ-ਰੋਮ ਵਿਚੋਂ, ਹਰ ਘਟ ਵਿਚੋਂ, ਪਉਣ, ਪਾਣੀ, ਬੈਸੰਤਰ ਵਿਚੋਂ ਉਹ ਅਖੰਡ ਧੁਨ ਸਦੀਵੀ ਹੀ ਸੁਣਦੀ ਹੈ।

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ*
*ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥* *ਅੰਗ- ੫੪੦*

ਇਕ ਐਸੀ ਕਥਾ ਆਉਂਦੀ ਹੈ ਕਿ ਸ੍ਰੀ ਮਾਨ ਸੰਤ ਮਹਾਰਾਜ ਬਾਬਾ ਸੁੰਦਰ ਸਿੰਘ ਜੀ ਦੇ ਪਾਸ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਸੇਵਾ ਵਿਚ ਸਨ। ਆਪ ਨੇ ਇਕ ਦਿਨ ਬੇਨਤੀ ਕੀਤੀ ਕਿ ਮਹਾਰਾਜ! ਉਹ ਨਾਮ ਜੋ ਘਟ-ਘਟ ਵਿਚ ਵਿਆਪਕ ਹੈ ਕ੍ਰਿਪਾ ਕਰਕੇ ਮੈਂ ਵੀ ਸੁਣਨ ਦੇ ਕਾਬਲ ਹੋ ਸਕਾਂ ਜਾਂ ਮੈਨੂੰ ਉਸ ਨੂੰ ਸੁਣਨ ਦੇ ਕਾਬਲ ਬਣਾ ਦੇਵੋ। ਮਹਾਂਪੁਰਸ਼ਾਂ ਨੇ ਕਿਹਾ ਕਿ ਤੁਸੀਂ ਦਰਵਾਜ਼ੇ ਨਾਲ ਕੰਨ ਲਾ ਕੇ ਦੇਖੋ, ਦੀਵਾਰ ਨਾਲ ਕੰਨ ਲਾ ਕੇ ਦੇਖੋ, ਸਭ ਵਿਚੋਂ ਨਾਮ ਧੁਨ ਸੁਣਾਈ ਦਿੰਦੀ ਹੈ। ਗੁਰਮੁਖ ਦੇ ਰੋਮ-ਰੋਮ ਵਿਚੋਂ ਇਹ ਨਾਮ ਧੁਨ ਸੁਣਾਈ ਦਿੰਦੀ ਹੈ।

ਡਾ. ਸਵਾਮੀ ਰਾਮ ਜੀ ਜੋ ਇਕ ਮਹਾਨ ਯੋਗੀ ਹੋਏ ਹਨ, ਆਪਣੀ ਲੇਖਣੀ ਵਿਚ ਲਿਖਦੇ ਹਨ ਕਿ ਜਦੋਂ ਮੈਂ ਬਰਫਾਨੀ ਗੁਫਾਵਾਂ ਵਿਚ ਰਹਿੰਦਾ ਸੀ ਤਾਂ ਇਕ ਦਿਨ ਮੈਂ ਦਰਖੱਤ ਨਾਲ ਕੰਨ ਲਾਇਆ ਉਸ ਵਿਚੋਂ ਮੈਨੂੰ ਸੰਗੀਤਕ ਧੁਨ ਸੁਣੀ ਫੇਰ ਮੈਂ ਗੁਫਾ ਦੇ ਪੱਥਰ ਨਾਲ ਕੰਨ ਲਾਇਆ ਤਾਂ ਉਸ ਵਿਚੋਂ ਵੀ ਓਹੀ ਧੁਨ ਸੁਣਾਈ ਦੇ ਰਹੀ ਸੀ। ਘਾਹ ਦੇ ਨਾਲ ਧਰਤੀ ਨਾਲ ਕੰਨ ਲਾਇਆ ਤਾਂ ਉਸ ਵਿਚੋਂ ਵੀ ਓਹੀ ਧੁਨ ਸੁਣਾਈ ਦੇ ਰਹੀ ਸੀ। ਮੈਂ ਹੈਰਾਨ ਹੋ ਗਿਆ ਕਿ ਇਹ ਮਨਮੋਹਣੀ ਧੁਨ ਹਰ ਚੀਜ਼ ਦੇ ਵਿਚ ਵਿਆਪਕ ਹੈ। ਸੋ ਉਹ ਬਾਣੀ ਜਿਸ ਤੋਂ ਸਾਰਾ ਪਸਾਰਾ ਹੋਇਆ ਹਰੇਕ ਦੇ ਅੰਦਰ ਹੈ ਉਸ ਨੂੰ ਬ੍ਰਹਮ ਬਾਣੀ ਆਖਦੇ ਹਨ, ਜਿਸ ਦਾ ਨਿਵਾਸ ਪਰਾ ਬਾਣੀ ਵਿਚ ਹੈ। ਜਿਸ ਨੂੰ ਇਹ ਬਾਣੀ ਸਰਵਣ ਹੋਣ ਲਗ ਜਾਵੇ ਉਸ ਦਾ ਜੰਮਣਾ-ਮਰਣਾ ਖਤਮ ਹੋ ਜਾਂਦਾ ਹੈ ਅਤੇ ਜਿਸ ਨੂੰ ਇਹ ਬਾਣੀ ਭੁੱਲੀ ਰਹੇ, ਫੇਰ ਉਸ ਦੀ ਹਾਲਤ ਪੱਕੇ ਰੋਗੀ ਵਾਲੀ ਹੋ ਜਾਂਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ -

*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥* *ਅੰਗ - ੬੬੧*

ਅੰਮ੍ਰਿਤ ਵੇਲਾ ਹੋ ਆਇਆ ਦਿਨ ਚੜ੍ਹ ਗਿਆ, ਉਹ ਕੋਹੜੀ ਇਸ਼ਨਾਨ ਕਰਕੇ ਕੰਚਨ ਵਰਗੀ ਦੇਹੀ ਪ੍ਰਾਪਤ ਕਰਕੇ ਬਹੁਤ ਹੀ ਅਨੰਦ ਮਹਿਸੂਸ ਕਰ ਰਿਹਾ ਹੈ। ਮਹਾਰਾਜ ਜੀ ਨੇ ਮਰਦਾਨੇ ਨੂੰ ਕਿਹਾ ਕਿ ਭਾਈ ਮਰਦਾਨਾ! ਜੇ ਕੋਈ ਕੱਪੜਾ ਵਾਧੂ ਹੈ ਤਾਂ ਇਸ ਫਕੀਰ ਨੂੰ ਦੇ ਦੇਵੋ। ਉਸ ਨੇ ਪਹਿਨ ਲਿਆ। ਇਸ ਦੇ ਨਾਲ ਹੀ ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਕਿ ਉਸ ਦੇ ਸਾਰੇ ਪਾਪ ਕਰਮਾਂ ਦਾ ਨਾਸ਼ ਕਰਕੇ

ਉਸ ਨੂੰ ਅਮ੍ਰਿਤ ਨਾਮ ਦੀ ਬਖਸ਼ਿਸ਼ ਕੀਤੀ। ਨਾਮ ਧੁਨ ਨੇ ਅੰਦਰ ਗੁੰਜ਼ਾਰ ਪਾ ਦਿਤੀ ਅਤੇ ਜੋਤ ਲਟ-ਲਟ ਜਗ ਗਈ, ਚਿਹਰੇ ਤੇ ਰੌਣਕ, ਅੱਖਾਂ ਵਿਚ ਚਮਕ ਆ ਗਈ, ਜੋਤ ਅੰਦਰ ਵਿਆਪਕ ਹੋ ਕੇ ਘਟ-ਘਟ ਵਿਚ ਦਰਸ਼ਨ ਹੋ ਰਹੇ ਹਨ। ਗੁਰੂ ਮਹਾਰਾਜ ਜੀ ਨੇ ਕਿਹਾ, "ਭਾਈ ਫਕੀਰ! ਅੱਲਾ ਦਾ ਸ਼ੁਕਰ ਕਰ ਅਤੇ ਇਸ ਨਗਰ ਵਿਚ ਫੇਰਾ ਮਾਰ।" ਹੁਕਮ ਮੰਨ ਕੇ ਉਹ ਦੀਪਾਲਪੁਰ ਵਿਚ ਚਲਿਆ ਗਿਆ। ਲੋਕਾਂ ਨੇ ਉਸ ਨੂੰ ਪਹਿਚਾਨ ਲਿਆ ਕਿ ਕੀ ਕੌਤਕ ਵਰਤਿਆ, ਕਲ੍ਹ ਤੱਕ ਦਾ ਬਦਬੂਦਾਰ ਕੋਹੜੀ ਸਰੀਰ ਵਾਲਾ ਇਹ ਵਿਅਕਤੀ, ਅੱਜ ਇਤਨੇ ਸੁੰਦਰ ਸਰੀਰ ਨੂੰ ਕਿਵੇਂ ਪ੍ਰਾਪਤ ਕਰ ਗਿਆ। ਪੁੱਛਣ ਤੇ ਉਸ ਨੇ ਕਿਹਾ ਓ ਮੂਰਖੋ! ਤੁਸੀਂ ਤਾਂ ਘਰ ਆਏ ਪ੍ਰਮੇਸ਼ਰ ਨੂੰ ਜਵਾਬ ਦੇ ਦਿਤਾ। ਉਨ੍ਹਾਂ ਦੇ ਰੈਣ ਬਸੇਰੇ ਲਈ 10-15 ਫੁੱਟ ਜਗ੍ਹਾ ਵੀ ਨਾ ਦੇ ਸਕੇ ਉਹ ਕਿਹੜਾ ਤੁਹਾਡੇ ਘਰਾਂ ਵਿਚ ਜਗ੍ਹਾ ਮੰਗਦੇ ਹਨ, ਦਰਖਤਾਂ ਹੇਠ ਹੀ ਆਸਣ ਲਾਉਂਦੇ ਹਨ। ਤੁਸੀਂ ਮੇਰੇ ਕੋਲ ਭੇਜ ਦਿਤੇ, ਮੇਰੇ ਕੋਲ ਕੀ ਸੀ ਇਕ ਬਦਬੂਦਾਰ ਸਰੀਰ, ਜਿਸ ਦੇ ਨੇੜੇ ਆਉਣ ਤੋਂ ਪੰਛੀ ਵੀ ਘਬਰਾਉਂਦੇ ਸੀ, ਬੰਦੇ ਨੇ ਤਾਂ ਕੀ ਆਉਣਾ ਸੀ। ਸਾਰੀ ਰਾਤ ਧਰਤੀ ਤੇ ਹੀ ਉਨ੍ਹਾਂ ਵਿਸ਼ਰਾਮ ਕੀਤਾ। ਅੰਮ੍ਰਿਤ ਵੇਲੇ ਉਠ ਕੇ ਐਸੀ ਕਲਾਮ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਿਕਲੀ ਕਿ ਮੈਨੂੰ ਪਹਿਲਾ ਬੋਲ ਸੁਣਦੇ ਸਾਰ ਹੀ ਦੁੱਖ ਵਿਚੋਂ ਐਉਂ ਕੱਢ ਲਿਆ ਗਿਆ ਜਿਵੇਂ ਕਿ ਦਲਦਲ ਵਿਚੋਂ ਝਟਕਾ ਦੇ ਕੇ ਕਿਸੇ ਫਸੇ ਬੰਦੇ ਨੂੰ ਖਿੱਚ ਕੇ ਬਾਹਰ ਕੱਢਿਆ ਜਾਂਦਾ ਹੈ। ਓ ਭੋਲਿਓ! ਉਹ ਤਾਂ ਆਪ ਖੁਦਾ ਹੈ ਪਰ ਮੇਰੇ ਭਾਗ ਜਾਗਣੇ ਸਨ ਉਨ੍ਹਾਂ ਨੇ ਮੇਰੇ ਪਾਸ ਆਉਣਾ ਸੀ, ਕਾਰਨ ਇਸ ਦਾ ਤੁਸੀਂ ਬਣੇ। ਮੈਂ ਉਨ੍ਹਾਂ ਦੇ ਕੀਤੇ ਹੋਏ ਇਸ਼ਨਾਨ ਦੇ ਪਾਣੀ ਦੇ ਨਾਲ ਇਸ਼ਨਾਨ ਕੀਤਾ, ਆਹ ਦੇਖੋ ਮੈਨੂੰ ਕਿੰਨੀ ਸੁੰਦਰ ਦੇਹ ਪ੍ਰਾਪਤ ਹੋ ਗਈ। ਜੰਗਲ ਦੀ ਅੱਗ ਵਾਂਗੂੰ ਗੱਲ ਸਾਰੇ ਫੈਲ ਗਈ ਅਤੇ ਸਾਰੇ ਸ਼ਹਿਰ ਵਿਚ ਪਸ਼ਚਾਤਾਪ ਸ਼ੁਰੂ ਹੋ ਗਿਆ। ਸਿਆਣਿਆਂ ਨੇ ਕਿਹਾ ਕਿ ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਚਲੋ, ਉਸ ਇਲਾਹੀ ਨੂਰ ਦੇ ਚਰਨਾਂ ਵਿਚ ਢਹਿ ਪਵੋ। ਆਪਣੀ ਭੁੱਲ ਦੀ ਖਿਮਾ ਮੰਗੋ। ਗੁਰੂ, ਪੀਰ, ਬਖਸਿੰਦ ਹੋਇਆ ਕਰਦੇ ਹਨ ਜਿਵੇਂ ਮਾਤਾ ਆਪਣੇ ਪੁੱਤਰਾਂ ਦੇ ਕੀਤੇ ਔਗੁਣਾਂ ਨੂੰ ਨਹੀਂ ਵਿਚਾਰਿਆ ਕਰਦੀ ਅਤੇ ਉਹ ਉਨ੍ਹਾਂ ਨੂੰ ਕੇਵਲ ਮੁਆਫ ਹੀ ਨਹੀਂ ਕਰਦੀ ਸਗੋਂ ਪਿਆਰ ਨਾਲ ਆਪਣੇ ਕਲਾਵੇ ਵਿਚ ਲੈ ਕੇ, ਆਪਣੇ ਨਾਲ ਲਾ ਲਿਆ ਕਰਦੀ ਹੈ। ਅਸੀਂ ਜੀਵ ਭੁੱਲਣਹਾਰ ਹਾਂ, ਉਹ ਬਖਸ਼ਿੰਦ ਹੈ। ਸਾਰੇ ਸ਼ਹਿਰ ਵਾਸੀ ਤਾਂਤੇ ਬੰਨ੍ਹੀ ਗੁਰੂ ਮਹਾਰਾਜ ਜੀ ਵੱਲ ਨੂੰ ਆ ਰਹੇ ਹਨ ਅਤੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਢਹਿ ਕੇ ਖਿਮਾ ਮੰਗ ਰਹੇ ਹਨ, ਫਜ਼ਲ ਮੰਗ ਰਹੇ ਹਨ। ਇਕੋ ਅਵਾਜ਼ ਆ ਰਹੀ ਹੈ - ਫਜ਼ਲ-ਫਜ਼ਲ-ਫਜ਼ਲ, ਖਿਮਾ-ਖਿਮਾ-ਖਿਮਾ। ਮਹਾਰਾਜ ਜੀ ਦਰੱਵੇ, ਸਿੱਖੀ ਬਖਸ਼ ਦਿਤੀ ਅਤੇ ਫੁਰਮਾਇਆ ਭੋਲਿਓ! ਸਾਧੂ ਮਹਾਂਪੁਰਸ਼ ਸੰਸਾਰ ਦੇ ਭਲੇ ਲਈ ਠੀਕ ਉਸੇ ਤਰ੍ਹਾਂ ਨਾਲ ਸੰਸਾਰ ਵਿਚ ਭ੍ਰਮਣ ਕਰਦੇ ਹਨ ਜਿਵੇਂ ਔੜ ਲਗ ਕੇ ਮਰ ਰਹੀਆਂ ਫਸਲਾਂ ਨੂੰ ਬਚਾਉਣ ਲਈ ਸਾਗਰ ਵਿਚੋਂ ਉਠੇ ਬੱਦਲ, ਹਵਾ ਦੇ ਵੇਗ ਨਾਲ ਆ ਕੇ ਅੰਮ੍ਰਿਤਮਈ ਵਰਖਾ ਕਰਕੇ ਹਰਿਆਵਲ ਹੀ ਹਰਿਆਵਲ ਕਰ ਦਿੰਦੇ ਹਨ। ਤੁਸੀਂ ਪਿੰਡ ਵਿਚ ਧਰਮਸਾਲ ਬਣਵਾਓ। ਦੋਨੋਂ ਵੇਲੇ ਸਤਿਸੰਗ ਕਰੋ, ਆਏ ਗਏ ਅਤਿਥੀ ਦੀ ਸੰਭਾਲ ਕਰੋ, ਮਨਮੁਖਤਾਈ ਦੇ ਕਰਮਾਂ ਵਿਚੋਂ ਆਪਣੀ ਸੁਰਤਿ ਨੂੰ ਕੱਢ ਕੇ ਵਾਹਿਗੁਰੂ ਜੀ ਦੇ ਨਾਲ ਜੋੜੋ। ਅੰਮ੍ਰਿਤ ਵੇਲੇ ਉਠ ਕੇ ਸ਼ਬਦ ਦਾ ਜਾਪ ਕਰੋ। ਤੁਹਾਡੇ ਉਪਰ ਪ੍ਰਭੂ ਦੀਆਂ ਰਹਿਮਤਾਂ ਵਰਸਣਗੀਆਂ। ਪੂਰਨ ਰੂਪ ਵਿਚ ਸੁੱਕ ਚੁੱਕੇ ਹਿਰਦੇ ਕਮਲ ਵਿਚ, ਨਾਮ ਦੀ ਅੰਮ੍ਰਿਤ ਧਾਰਾ ਜਦੋਂ ਵਰਖਾ ਕਰੇਗੀ ਉਸ ਵੇਲੇ ਤੁਹਾਨੂੰ ਉਹ ਘਣਾ ਅਨੰਦ ਪ੍ਰਾਪਤ ਹੋਵੇਗਾ, ਜਿਸ ਦੇ ਮੁਕਾਬਲੇ ਉਪਰ ਸਵਰਨ ਮੋਤੀਆਂ ਦੇ ਮਹਿਲ ਕੁਛ ਨਹੀਂ ਕਰ ਸਕਦੇ।

ਸੋ ਇਸ ਸਾਰੇ ਸ਼ਬਦ ਦਾ ਜੋ ਸਿਧਾਂਤ ਹੈ ਉਸ ਬਾਰੇ ਕੁਝ ਤੱਥ ਵਿਚਾਰਨਯੋਗ ਹਨ। ਉਹ ਇਹ ਹਨ ਕਿ ਜਿਸ ਸਰੀਰ ਵਿਚ ਆਦਿ ਬਾਣੀ ਵਿਸਰ ਜਾਵੇ ਉਹ ਸਰੀਰ ਬਾਣੀ ਤੋਂ ਹੀਣਾ ਹੋ ਕੇ ਸਖਤ ਪੱਕੇ ਰੋਗੀ ਵਾਂਗੂੰ ਚੀਕਦਾ ਤੇ ਪੁਕਾਰਦਾ ਹੈ। ਉਸ ਦਾ ਰੱਬ ਨੂੰ ਉਲਾਂਭੇ ਦੇਣੇ ਕੇਵਲ ਝੱਖਣ ਹੋਇਆ ਕਰਦਾ ਹੈ। ਇਸ ਦੇ ਵਿਪਰੀਤ ਇਹ ਉਲਾਂਭਿਆਂ ਦੀ ਥਾਂ ਉਸ ਪ੍ਰਭੂ ਕੋਲ ਆਪਣੇ ਆਪੇ ਨੂੰ ਰਹਿਮਤ ਲਈ ਤਿਆਰ ਕਰਕੇ ਅਰਦਾਸ ਕਰੇ ਤਾਂ ਰਹਿਮਤ ਹੋ ਜਾਇਆ ਕਰਦੀ ਹੈ ਕਿਉਂਕਿ ਵਾਹਿਗੁਰੂ ਜੀ ਘਟ-ਘਟ ਵਿਚ ਵਿਆਪਕ ਹਨ। ਉਨ੍ਹਾਂ ਨੂੰ ਹਰ ਘਟ ਦੇ ਵਿਚ ਵਰਤ ਰਹੇ ਹਾਲਾਤ ਦਾ ਪਤਾ ਹੈ ਜਿਵੇਂ ਕਿ ਫੁਰਮਾਨ ਹੈ -

*ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥*

*ਅਪਨਾ ਕੀਆ ਆਪਹਿ ਮਾਨੈ ॥ ਅੰਗ - ੨੬੯*

ਬਿਨਾਂ ਬੋਲਣ ਤੋਂ ਹੀ ਉਹ ਹਿਰਦੇ ਦੀ ਵੇਦਨਾ ਨੂੰ ਪਛਾਣਦਾ ਹੈ ਉਸ ਦੀ ਬੇਅੰਤਤਾ ਤੇ ਬਖਸ਼ਿਸ਼ ਨੂੰ ਯਾਦ ਰਖਣਾ ਚਾਹੀਦਾ ਹੈ ਜੇ ਉਸ ਨੇ ਬੋਲਣ ਦੀ ਸ਼ਕਤੀ ਦਿਤੀ ਤਾਂ ਅਸੀਂ ਬੋਲ ਸਕਦੇ ਹਾਂ, ਜੇ ਸੁਣਨ ਦੀ ਸ਼ਕਤੀ ਦਿਤੀ ਤਾਂ ਅਸਾਡੇ ਕੰਨ ਸੁਣ ਸਕਦੇ ਹਨ। ਜੋ, ਜੀਵ ਨੂੰ ਮਾਤਾ ਦੇ ਪੇਟ ਵਿਚ ਨੌਂ ਮਹੀਨੇ ਪੁੱਠਾ ਰੱਖ ਕੇ ਸ਼ਬਦ ਦੇ ਆਸਰੇ ਪਾਲਦਾ ਹੈ ਅਤੇ ਜੋ ਪ੍ਰਸੂਤੀ ਵਾਯੂ ਰਾਹੀਂ ਇਸ ਨੂੰ ਸੰਸਾਰ ਵਿਚ ਪੈਦਾ ਕਰਦਾ ਹੈ ਉਸ ਨਾਲ ਅਸਾਨੂੰ ਪੂਰੀ ਤਰ੍ਹਾਂ ਨਾਲ ਪਿਆਰ ਵਿਚ ਆ ਕੇ ਲਿਵਧਾਰੀ ਰਹਿਣਾ ਚਾਹੀਦਾ ਹੈ, ਪਰ ਅਸੀਂ ਮਾਇਆ ਦੇ ਅਸਰ ਅਧੀਨ ਵਾਹਿਗੁਰੂ ਜੀ ਨੂੰ ਭੁੱਲ ਜਾਂਦੇ ਹਾਂ ਅਤੇ ਪਹਿਲਾ ਸਵਾਸ ਲੈਂਦਿਆਂ ਹੀ ਮਾਇਆ ਵਿਚ ਪ੍ਰਵੇਸ਼ ਕਰ ਲੈਂਦੇ ਹਾਂ। ਨਾਮ ਧੁਨੀ ਦੀ ਯਾਦ ਵਿਚ ਇਹ ਜੀਵ ਪੁੱਠਾ ਲਟਕਦਾ ਹੋਇਆ, ਪੇਟ ਵਿਚ ਸੁਰਖਸ਼ਿਤ ਰਹਿ ਕੇ ਜਨਮ ਲੈਂਦਾ ਹੈ, ਉਸ ਦੀ ਥਾਂ ਸੰਸਾਰ ਦੀ ਅਗਨ ਨੂੰ ਮੁੜ ਕੇ ਧਾਰਨ ਕਰ ਲੈਂਦਾ ਹੈ। ਜਿਸ ਨੂੰ ਮਾਇਆ ਆਖਦੇ ਹਨ ਜਿਵੇਂ ਕਿ ਫੁਰਮਾਨ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥ ਅੰਗ- ੯੨੧*

ਸੋ ਇਸ ਦੀ ਸੁਰਤਿ ਇਕ ਦਮ ਖਿੰਡਾਓ ਵਿਚ ਆ ਜਾਂਦੀ ਹੈ ਸਭ ਤੋਂ ਪਹਿਲਾਂ ਇਹ ਉਸ ਨਾਮ ਧੁਨ ਤੋਂ ਵਿਛੜ ਕੇ ਮਾਤਾ ਦੇ ਦੁੱਧ ਨੂੰ ਆਪਣਾ ਅਧਾਰ ਬਣਾਉਂਦਾ ਹੈ ਫੇਰ ਮਾਂ-ਬਾਪ ਦੀ ਪਹਿਚਾਣ ਕਰਕੇ ਇਸ ਆਧਾਰ ਦੀਆਂ ਹੱਦਾਂ ਹੋਰ ਵਧਾਉਂਦਾ ਹੈ ਇਸ ਤਰ੍ਹਾਂ ਇਸ ਦਾ ਸਾਰਾ ਜੀਵਨ ਪ੍ਰਮੇਸ਼ਰ ਨੂੰ ਭੁੱਲਿਆਂ ਹੀ ਬਤੀਤ ਹੋ ਜਾਂਦਾ ਹੈ। ਧਉਲੇ, ਉਭੇ ਸਾਹ ਦੀ ਅਵਸਥਾ ਵਿਚ ਇਹ ਅਨੇਕ ਕਲਪਨਾਵਾਂ ਵਿਚ ਫਸਿਆ ਹੋਇਆ ਸੰਸਾਰ ਵਿਚੋਂ ਧੂਹ ਕੇ ਜਮਪੁਰੀ ਨੂੰ ਤੋਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਆਪਣਾ ਜੀਵਨ ਵਿਅਰਥ ਗੁਆ ਕੇ ਮੁੜ ਕੇ 84 ਲੱਖ ਜੂਨਾਂ ਦੇ ਚੱਕਰ ਵਿਚ ਪਿਆ ਹੋਇਆ ਅਨੇਕ ਨਖਿੱਧ ਜੂਨੀਆਂ ਵਿਚ ਦੁਖ ਪਾਉਂਦਾ ਹੈ। ਮੋਹ ਦੇ ਵਸ ਪਿਆ ਹੋਇਆ ਦਾਗੀ ਹੋ ਜਾਂਦਾ ਹੈ ਅਤੇ ਦਾਗ ਤੇ ਦੋਸ਼ ਆਪਣੇ ਜੀਵਨ ਨੂੰ ਲਾ ਕੇ ਦਰਗਾਹ ਵਿਚ ਥਾਂ ਭਾਲਦਾ ਹੈ ਪਰ ਉਸ ਨੂੰ ਪੈਰ ਰੱਖਣ ਜੋਗਾ ਵੀ ਥਾਂ ਦਰਗਾਹ ਵਿਚ ਨਹੀਂ ਮਿਲਦਾ -

*ਜੇਤਾ ਮੋਹੁ ਪਰੀਤਿ ਸੁਆਦ ॥*
*ਸਭਾ ਕਾਲਖ ਦਾਗਾ ਦਾਗ ॥*
*ਦਾਗ ਦੋਸ ਮੁਹਿ ਚਲਿਆ ਲਾਇ ॥*
*ਦਰਗਹ ਬੈਸਣ ਨਾਹੀ ਜਾਇ ॥ ਅੰਗ- ੬੬੨*

ਕਿਉਂਕਿ ਦਰਗਾਹ ਵਿਚ ਤਾਂ ਸਿਰਫ ਉਨ੍ਹਾਂ ਨੂੰ ਹੀ ਮਾਣ ਮਿਲਦਾ ਹੈ ਜੋ ਸੰਸਾਰ ਵਿਚ ਆ ਕੇ ਨਾਮ ਧਨ ਦੇ ਭੰਡਾਰੇ, ਮਹਾਂਪੁਰਸ਼ਾਂ ਦੀ ਚਰਨ ਸ਼ਰਨ ਵਿਚ ਰਹਿ ਕੇ ਪ੍ਰਾਪਤ ਕਰਦੇ ਹਨ ਅਤੇ ਨਿਮਰਤਾ ਧਾਰ ਕੇ ਨਾਮ ਧਨ, ਉਨ੍ਹਾਂ ਦੇ ਚਰਨਾਂ ਵਿਚ ਰਹਿ ਕੇ ਇਕੱਠਾ ਕਰਦੇ ਹਨ ਅਤੇ ਜਦੋਂ ਉਹ ਦਰਗਾਹ ਵੱਲ ਨੂੰ ਲਿਜਾਏ ਜਾਂਦੇ ਹਨ ਤਾਂ ਹਰ ਪੁਰੀ ਵਿਚ ਧੰਨ-ਧੰਨ ਦੀ ਅਵਾਜ਼ ਆਉਂਦੀ ਹੈ ਪਰ ਵਿਰਲੇ ਪੁਰਸ਼ ਹਨ ਜੋ ਮਾਇਆ ਦੀਆਂ ਅਨੇਕ ਪਕੜਾਂ ਵਿਚੋਂ ਨਿਕਲ ਕੇ ਨਾਮ ਦੀ ਪ੍ਰਾਪਤੀ ਕਰ ਲੈਂਦੇ ਹੋਣ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਵਿਰਲੇ ਪੁਰਸ਼ ਹਨ ਜਿਹੜੇ ਇਥੇ ਇਸ ਗੱਲ ਨੂੰ ਸਮਝਦੇ ਹਨ, ਬਾਕੀ ਸਾਰਾ ਸੰਸਾਰ ਤਾਂ ਰੁੜਿਆ ਜਾਂਦਾ ਹੈ, ਦੁਖਾਂ ਦੀ ਘਾਣ ਵਿਚ ਪੀੜਿਆ ਜਾਂਦਾ ਹੈ। ਦੁਖ, ਤਾਂ ਲਗਦੇ ਹਨ ਜੇ ਰਾਮ ਨੂੰ ਭੁੱਲ ਜਾਂਦਾ ਹੈ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ ਅੰਗ- ੧੩੫*

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ -30)***

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੁਮਰੇ ਚਰਨ ਵਿਸਾਰੇ ਜੀ............।*
*ਇਨ ਮਾਇਆ ਜਗਦੀਸ਼ ਗੁਸਾਈਂ।*

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥ ਅੰਗ- ੮੫੭*

ਹੇ ਪ੍ਰਭੂ! ਤੂੰ ਅੰਦਰ ਬਾਹਰ ਹਮੇਸ਼ਾਂ ਨਾਲ ਰਹਿੰਦੈਂ-

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ - ੬੭੭*

ਹੇ ਪ੍ਰਭੂ! ਤੂੰ ਮੇਰੇ ਨਾਲ ਰਹਿੰਦਾ ਹੈਂ, ਪਰ ਮੈਂ ਕਿੱਡਾ ਗਾਫਲ ਹਾਂ, ਮੈਂ ਤੈਨੂੰ ਭੁੱਲਿਆ ਹੀ ਰਹਿੰਦਾ ਹਾਂ। ਮਹਾਰਾਜ ਕਹਿੰਦੇ, ਮਾਇਆ ਦਾ ਕੰਮ ਹੈ ਇਹ।

*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ ॥ ਅੰਗ- ੮੫੭*

ਸੋ ਕਹਿਣ ਲੱਗਿਆ ਕਿ ਆਪਣੇ ਆਪ ਨੂੰ ਵੀ ਭੁੱਲ ਜਾਂਦੈ?

ਕਹਿੰਦੇ, ਸਾਰਾ ਸੰਸਾਰ ਹੀ ਭੁੱਲੀ ਬੈਠੈ। ਅਰਜਨ! ਆਤਮਾ ਦੀ ਗੱਲ ਤਾਂ ਛੱਡ ਦੇ, ਜੇ ਮਾਇਆ ਪੈ ਜਾਵੇ, ਆਪਣੇ ਸਰੀਰ ਨੂੰ ਵੀ ਭੁੱਲ ਜਾਂਦੈ ਕਿ ਮੈਂ ਕੌਣ ਹਾਂ। ਤੈਨੂੰ ਇਹ ਵੀ ਧਿਆਨ 'ਚੋਂ ਜਾਂਦਾ ਰਹੇਗਾ ਕਿ ਮੈਂ ਅਰਜਨ ਹਾਂ। ਮਾਇਆ ਐਡੀ ਪ੍ਰਬਲ ਹੈ।

ਕਹਿੰਦਾ, ਮਹਾਰਾਜ! ਫੇਰ ਦਿਖਾ ਦਿਓ।

ਕਹਿੰਦੇ, ਕੀ ਕਰਨੈਂ, ਦੁਖੀ ਹੋਏਂਗਾ।

ਜਦ ਇਸ ਨੇ ਬਾਰ-ਬਾਰ ਕਿਹਾ। ਰੱਥ ਦੇ ਉਤੇ ਜਾ ਰਹੇ ਨੇ, ਜਾਂਦੇ-ਜਾਂਦੇ ਇਕ ਸਰੋਵਰ ਆ ਗਿਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਥ ਰੋਕ ਦਿਓ। ਰਥ ਰੋਕਿਆ, ਕਹਿੰਦੇ, ਜਾਹ ਜਲ ਲੈ ਕੇ ਆ ਦਾਤਣ ਕਰਨੀ ਹੈ। ਜਲ ਲੈਣ ਗਿਆ, ਜਿਸ ਵਕਤ ਜਲ 'ਚ ਵੜਿਆ।

ਕਹਿੰਦੇ, ਮਾਇਆ ਦੇਖਣੀ ਹੈ?

ਕਹਿੰਦਾ, ਦਿਖਾ ਦਿਓ।

ਉਥੇ ਹੀ ਭੁੱਲ ਗਿਆ। ਨਾ ਕ੍ਰਿਸ਼ਨ ਮਹਾਰਾਜ ਉਥੇ, ਨਾ ਸਰੋਵਰ ਉਥੇ, ਨਾ ਗੜਵੀ ਹੱਥ ਵਿਚ। ਕੀ ਦੇਖਦੈ, ਭਿਆਨਕ ਜੰਗਲ ਹੈ। ਭਿਆਨਕ ਜੰਗਲ ਦੇ ਅੰਦਰ ਸ਼ੇਰ ਘੁੰਮ ਰਹੇ ਨੇ, ਵੱਡੇ-ਵੱਡੇ ਅਜ਼ਗਰ ਫਿਰ ਰਹੇ ਨੇ। ਅਨੇਕ ਜੰਗਲੀ ਜਾਨਵਰ ਫਿਰ ਰਹੇ ਨੇ। ਘਬਰਾ ਗਿਆ, ਕਹਿੰਦਾ ਮੈਂ ਕਿੱਥੇ ਆ ਗਿਆ। ਇਹ ਵੀ ਭੁੱਲ ਗਿਆ ਕਿ ਭਗਵਾਨ ਨੇ ਮੇਰੇ 'ਤੇ ਮਾਇਆ ਪਾਈ ਹੈ। ਕੋਈ ਖਿਆਲ ਨਹੀਂ ਇਹਨਾਂ ਗੱਲਾਂ ਦਾ। ਸੋ ਰੋਣਾ ਸ਼ੁਰੂ ਕਰ ਦਿਤਾ, ਅਵਾਜ਼ਾਂ ਦਿੰਦੈ। ਬੜੀ ਉੱਚੀ-ਉੱਚੀ ਅਵਾਜ਼ਾਂ ਮਾਰਦੈ ਕਿ ਭਗਵਾਨ! ਕਿੱਥੇ ਚਲੇ ਗਏ? ਕੋਈ ਜਵਾਬ ਨਹੀਂ ਆ ਰਿਹਾ। ਸ਼ੇਰ ਆਉਂਦੇ ਨੇ ਮੂੰਹ ਅੱਡੀਂ। ਉਹਨਾਂ ਤੋਂ ਬਚਣ ਵਾਸਤੇ ਦਰਖਤਾਂ 'ਤੇ ਚੜ੍ਹਦੈ। ਤਿੰਨ ਦਿਨ ਤਿੰਨ ਰਾਤਾਂ ਜੰਗਲ ਦੇ ਵਿਚ ਗੁਜ਼ਾਰੀਆਂ। ਉਸ ਤੋਂ ਬਾਅਦ ਰੋਂਦਾ ਜਾ ਰਿਹਾ ਹੈ, ਬੁਰਾ ਹਾਲ ਹੋਇਆ-ਹੋਇਆ ਹੈ। ਅਬਾਦੀ ਵਿਚ ਚਲਿਆ ਗਿਆ। ਕੋਲ ਸਾਮ੍ਹਣੇ ਕੋਈ ਨਗਰ ਹੈ। ਉਥੇ ਕੋਈ ਪ੍ਰੇਮੀ ਰਸਤੇ ਵਿਚ ਮਿਲ ਗਿਆ। ਉਹ ਕਹਿੰਦਾ, ਪਰਦੇਸੀਆ! ਤੂੰ ਰੋਂਦਾ ਕਿਉਂ ਹੈਂ ਭਾਈ? ਤੇਰਾ ਨਾਉਂ ਕੀ ਹੈ?

ਕਹਿਣ ਲੱਗਿਆ, ਮੇਰਾ ਨਾਉਂ ਅਰਜਨ ਹੈ। ਮੈਂ ਕ੍ਰਿਸ਼ਨ ਮਹਾਰਾਜ ਨੂੰ ਟੋਲ੍ਹਦਾ ਫਿਰਦਾ ਹਾਂ।

ਉਹ ਹੈਰਾਨ ਹੋ ਗਿਆ ਕਿ ਹੈਂ ਕ੍ਰਿਸ਼ਨ ਮਹਾਰਾਜ ਤੇ ਅਰਜਨ? ਕਹਿਣ ਲੱਗਿਆ, ਤੂੰ ਕਦੋਂ ਦੀਆਂ ਗੱਲਾਂ ਕਰਦੈਂ? ਤੂੰ ਕਿਤੇ ਪਾਗਲਖਾਨੇ 'ਚੋਂ ਦੌੜ ਕੇ ਤਾਂ ਨਹੀਂ ਆਇਆ?

ਕਹਿੰਦਾ, ਮੈਂ ਪਾਗਲ?

ਉਹ ਕਹਿੰਦਾ, ਹੋਰ। ਆ ਚੱਲ ਪਿੰਡ ਦੇ ਵਿਚ,

ਮੈਂ ਤੇਰਾ ਭਰਮ ਦੂਰ ਕਰਾਂ। ਨਗਰ 'ਚ ਚਲੇ ਗਏ। ਉਥੇ ਧਰਮਸਾਲਾ 'ਚ ਲੈ ਗਏ, ਉਥੇ ਕਥਾ ਹੋ ਰਹੀ ਸੀ। ਉਥੇ ਸਾਰੀ ਪਾਂਡਵਾਂ ਦੀ ਕਥਾ ਹੋਈ। ਸੁਣਦੈ, ਰੋਜ਼ ਸੁਣਦੈ ਤੇ ਉਸ ਤੋਂ ਬਾਅਦ ਸੁਣ ਲਿਆ ਕਿ ਉਹ ਲੜਾਈ ਦੇ ਵਿਚ ਜਿੱਤ ਗਏ, ਉਸ ਤੋਂ ਬਾਅਦ ਉਹ ਬਰਫਾਂ ਦੇ ਵਿਚ ਜਾ ਕੇ ਗਲ ਗਏ। ਉਹਨਾਂ ਦਾ ਪੁੱਤਰ ਜਿਹੜਾ ਸੀ ਪਰੀਛਤ, ਉਹ ਸੱਪ ਲੜ ਕੇ ਮਰ ਗਿਆ ਤੇ ਪੋਤਰਾ ਜਿਹੜਾ ਸੀ ਜਨਮੇਜਾ, ਉਹ ਕੋਹੜ ਹੋ ਕੇ ਮਰ ਗਿਆ ਤੇ ਉਹਦਾ ਪੜੋਤਾ ਜਿਹੜਾ ਹੈ ਉਹ ਰਾਜ ਗੱਦੀ 'ਤੇ ਬੈਠਾ ਹੈ।

ਉਹ ਕਹਿੰਦਾ, ਕਿਉਂ ਬਈ ਪਰਦੇਸੀਆ! 300 ਸਾਲ ਹੋ ਗਏ ਕ੍ਰਿਸ਼ਨ ਮਹਾਰਾਜ ਤੇ ਅਰਜਨ ਨੂੰ ਲੰਘੇ ਨੂੰ। ਤੈਨੂੰ ਕਿੱਥੋਂ ਭੁਲੇਖਾ ਪੈ ਗਿਆ ਕਿ ਤੂੰ ਅਰਜਨ ਹੈਂ?

ਸੋਚਣ ਲਗ ਗਿਆ ਕਿ ਮੇਰੇ ਦਿਮਾਗ ਨੂੰ ਤਾਂ ਨਹੀਂ ਕੁਛ ਹੋ ਗਿਆ। ਸਭ ਭੁੱਲ ਗਿਆ। ਤੀਰ ਅੰਦਾਜ਼ੀ ਜਾਣਦਾ ਸੀ। ਉਥੋਂ ਦੇ ਰਾਜੇ ਨੇ ਦੇਖਿਆ, ਦੇਖ ਕੇ ਆਪਣੀਆਂ ਫੌਜਾਂ ਦੇ ਵਿਚ ਵੱਡਾ ਅਫਸਰ, ਜਰਨੈਲ ਬਣਾ ਦਿਤਾ। ਆਪਣੀ ਲੜਕੀ ਵਿਆਹ ਦਿਤੀ, ਉਸ ਨਾਲ ਬਹੁਤ ਪਿਆਰ ਪੈ ਗਿਆ ਇਸ ਦਾ। ਐਨਾ ਪਿਆਰ ਪੈ ਗਿਆ ਕਿ ਸੰਧਿਆ, ਕਰਮ ਧਰਮ, ਸਭ ਖਤਮ ਕਰ ਦਿਤੇ। ਇਸੇ ਗੱਲ 'ਚ ਰਹਿੰਦਾ ਹੈ। ਜੇ ਕੋਈ ਆ ਕੇ ਭਜਨ ਬੰਦਗੀ ਦੀ ਗੱਲ ਕਰਦੈ, ਉਹਦੇ ਨਾਲ ਨਰਾਜ਼ ਹੋ ਜਾਂਦੈ। ਕਿਉਂਕਿ ਰਾਜਾ ਕ੍ਰਿਸ਼ਨ ਭਗਤ ਸੀ। ਜੇ ਕੋਈ ਕ੍ਰਿਸ਼ਨ ਦੀ ਗੱਲ ਕਰਦੈ, ਉਹਦੇ ਨਾਲ ਨਰਾਜ਼ ਹੋ ਜਾਂਦੈ। ਸਾਰੇ ਕਹਿੰਦੇ ਨੇ ਕਿ ਇਹ ਜਿਹੜਾ ਸਾਡਾ ਸੈਨਾਪਤੀ ਹੈ, ਜਰਨੈਲ ਹੈ, ਇਹ ਤਾਂ ਨਾਸਤਕ ਹੈ, ਮਾੜਾ ਬੰਦਾ ਹੈ। ਹੁੰਦੇ-ਹੁੰਦੇ 40 ਸਾਲ ਲੰਘ ਗਏ। ਘਰਵਾਲੀ ਨਾਲ ਬੜਾ ਪਿਆਰ ਸੀ, ਇਕ ਦਿਨ ਉਹ ਮਰ ਗਈ। ਜਦੋਂ ਸਸਕਾਰ ਕਰਨ ਲੱਗੇ ਤਾਂ ਕਹਿੰਦਾ, ਮੈਂ ਨਾਲ ਜਲਣਾ ਹੈ, ਇਹਦੇ। ਬਥੇਰਾ ਸਮਝਾਉਂਦੇ ਨੇ ਕਿ ਆਦਮੀ ਵੀ ਅੱਜ ਤੱਕ ਕਦੇ ਔਰਤ ਨਾਲ ਜਲਿਐ। ਔਰਤਾਂ ਤਾਂ ਨਾਲ ਸਤੀ ਹੁੰਦੀਆਂ ਨੇ, ਆਦਮੀ ਤਾਂ ਹੁੰਦਾ ਹੀ ਨਹੀਂ। ਕਹਿੰਦਾ, ਮੈਂ ਸਤੀ ਹੋਣੈ।

ਅਖੀਰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਹਿੰਦੇ, ਜਾਹ! ਜਾ ਕੇ ਇਹਨੂੰ ਸਮਝਾ। ਊਧੋ ਆ ਕੇ ਸਮਝਾਉਂਦਾ ਹੈ, ਕਹਿੰਦਾ ਮੈਂ ਊਧੋ ਹਾਂ। ਤੈਨੂੰ ਸਮਝਾਉਣ ਆਇਆ ਹਾਂ।

ਕਹਿੰਦਾ, ਤੂੰ ਪਾਗਲ ਤਾਂ ਨਹੀਂ ਹੈਂ। ਊਧੋ ਹੋਏ ਨੂੰ ਤਾਂ 300 ਸਾਲ ਹੋ ਗਏ। ਉਹ ਕਹਿੰਦੇ, ਤੂੰ ਅਰਜਨ ਹੈਂ, ਅਰਜਨ। ਤੇਰੇ 'ਤੇ ਮਾਇਆ ਪਾਈ ਹੈ। ਕਹਿੰਦਾ, ਮੇਰੇ 'ਤੇ ਕੋਈ ਮਾਇਆ ਨਹੀਂ ਪਾਈ। ਮੈਂ ਕਹਾਣੀ ਸੁਣ ਚੁਕਿਆ ਹਾਂ, ਸਾਡੇ ਰੋਜ਼ ਹੁੰਦੀ ਹੈ। ਉਹ ਅਰਜਨ ਤਾਂ ਗਲ ਗਿਆ ਜਾ ਕੇ ਬਰਫਾਂ 'ਚ।

ਅਖੀਰ ਕ੍ਰਿਸ਼ਨ ਮਹਾਰਾਜ ਆਏ, ਆ ਕੇ ਕਹਿਣ ਲੱਗੇ, ਅਰਜਨ! ਮੈਂ ਤੇਰੇ 'ਤੇ ਮਾਇਆ ਪਾਈ ਹੋਈ ਹੈ, ਤੂੰ ਐਨਾ ਭੁੱਲ ਗਿਆ, ਆਪਣੇ ਆਪ ਨੂੰ? ਕਹਿੰਦਾ, ਅਰਜਨ ਤਾਂ ਚੜ੍ਹਾਈ ਕਰ ਗਿਆ, ਪੰਜੋ ਪਾਂਡਵ ਜਾ ਕੇ ਬਰਫਾਂ 'ਚ ਗਲ ਗਏ ਸੀ ਤੇ ਹੁਣ ਤਾਂ ਉਹਨਾਂ ਦੇ ਪੋਤੇ-ਪੜੋਤੇ ਰਾਜ ਕਰ ਰਹੇ ਨੇ। ਕਿੱਧਰੋਂ ਆ ਗਿਆ ਤੂੰ ਆਪਣੇ ਆਪ ਨੂੰ ਕ੍ਰਿਸ਼ਨ ਕਹਿਣ ਵਾਲਾ। ਮੰਨਦਾ ਹੀ ਨਹੀਂ, ਬਥੇਰਾ ਜ਼ੋਰ ਲਾਇਆ।

ਅਖੀਰ ਭਗਵਾਨ ਕਹਿਣ ਲੱਗੇ ਕਿ ਚੰਗਾ! ਜੇ ਨਾਲ ਸਤੀ ਹੋਣੈ ਤਾਂ ਇਸ਼ਨਾਨ ਕਰ ਆ। ਇਸ਼ਨਾਨ ਕਰਕੇ ਆ ਗਿਆ। ਮਾਇਆ ਨਹੀਂ ਲਹੀ। ਅਖੀਰ ਆਪ ਨੇ ਹਲਕਾ ਜਿਹਾ ਮੂੰਹ ਦੇ ਉਤੇ ਥੱਪੜ ਮਾਰਿਆ। ਥੱਪੜ ਮਾਰਨ 'ਤੇ ਕੀ ਦੇਖਦੈ, ਨਾ ਉਹ ਵਾਤਾਵਰਣ, ਨਾ ਉਹ ਰਾਣੀ, ਨਾ ਉਹ ਰਾਜਾ। ਕ੍ਰਿਸ਼ਨ ਮਹਾਰਾਜ ਦਾਤਣ ਹੱਥ 'ਚ ਲਈਂ ਖੜ੍ਹੇ ਨੇ, ਕਹਿੰਦੇ, ਲਿਆ ਪਾਣੀ ਇਥੇ ਖੜ੍ਹਾ ਕੀ ਦੇਖਦੈਂ?

ਕਹਿੰਦਾ, ਮਹਾਰਾਜ! ਮੇਰੀ ਰਾਣੀ ਕਿੱਥੇ ਚਲੀ ਗਈ?

ਕਹਿੰਦੇ, ਸੁੱਤਾ ਪਿਆ ਜਾਗਿਐਂ? ਰਾਣੀ ਕਿੱਥੇ ਚਲੀ ਗਈ।

ਕਹਿਣ ਲੱਗਿਆ, ਮਹਾਰਾਜ! ਮੇਰੀ ਤਾਂ ਸਮਝ ਵਿਚ ਕੁਛ ਨਹੀਂ ਆ ਰਿਹਾ, ਮੇਰਾ ਤਾਂ ਦਿਮਾਗ ਚੱਕਰ ਖਾਂਦੈ।

ਕਹਿੰਦੇ, ਅਰਜਨ! ਚੱਕਰ ਨਾ ਖਿਲਾ ਦਿਮਾਗ ਨੂੰ, ਮੈਂ ਤੇਰੇ 'ਤੇ ਮਾਇਆ ਪਾਈ ਸੀ। 300 ਸਾਲ ਨੂੰ ਜਿਹੜੀਆਂ ਗੱਲਾਂ ਹੋਣੀਆਂ ਨੇ, ਉਹ ਮੈਂ ਤੈਨੂੰ ਪਹਿਲਾਂ ਦਿਖਾ ਦਿਤੀਆਂ। ਇਹ ਮਾਇਆ ਪ੍ਰਬਲ ਹੈ ਭਗਵਾਨ ਦੀ। ਇਹਦੇ ਵਿਚ - ***'ਇਨਿ ਮਾਇਆ***

***ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥'*** ਵਾਹਿਗੁਰੂ ਸਭ ਦੇ ਅੰਦਰ ਰਹਿੰਦੈ, ਲੇਕਿਨ ਮਾਇਆ ਨੇ ਐਨਾ ਭੁਲਾ ਦਿਤਾ ਕਿ ਇਸ ਦੇ ਚਿਤ-ਚੇਤੇ ਵੀ ਨਹੀਂ ਆਉਂਦਾ। ਸੰਤ ਹਾਕਾਂ ਮਾਰੀ ਜਾਂਦੇ ਨੇ ਕਿ ਤੁਸੀਂ ਆਪਣੇ ਸਰੂਪ ਨੂੰ ਸਮਝੋ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*ਅੰਗ - ੪੪੧*

ਬਿਲਕੁਲ ਨਹੀਂ ਸਮਝਦਾ। ਟਸ ਤੋਂ ਮਸ ਨਹੀਂ ਹੁੰਦਾ, ਉਥੇ ਹੀ ਰਹਿੰਦੈ।

ਸੋ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਹੋਏ ਭਾਈ ਮੰਝ ਅਨੇਕ ਤਰ੍ਹਾਂ ਦੇ ਬਚਨ ਕਰਦੇ ਹੋਏ, ਆਪ ਤੁਰੇ ਆਉਂਦੇ ਨੇ। ਨਾਲ ਸਮਝਾਉਂਦੇ ਨੇ ਕਿ ਦੁਖਾਂ ਨੂੰ ਦੇਖ ਕੇ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਇਹ ਦੁਖ ਜਿਹੜੇ ਨੇ ਇਹ ਵੀ ਪ੍ਰਮੇਸ਼ਰ ਵਲੋਂ ਹੀ ਆਇਆ ਕਰਦੇ ਨੇ। ਬਾਹਰੋਂ ਨਹੀਂ ਕਿਤੋਂ ਆਉਂਦੇ ਤੇ ਇਹ ਦੁਖ, ਆਦਮੀ ਦੇ ਵਿਚੋਂ ਗਲਤੀਆਂ ਕੱਢਣ ਵਾਸਤੇ ਆਉਂਦੇ ਨੇ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਤੇਰੇ ਦੁਖਾਂ ਦੀ ਬਣੇਗੀ ਦਾਰੂ,*
*ਸੁਖ ਤੇਰੇ ਰੋਗ ਹੋਣਗੇ।*

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥*
*ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥*

*ਅੰਗ - ੪੬੯*

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ - ੫*

ਕਹਿਣ ਲੱਗਿਆ, ਡੋਲਿਓ ਨਾ। ਇਹ ਤਾਂ ਪ੍ਰਮੇਸ਼ਰ ਦੀ ਦਾਤ ਹੈ। ਵਾਹਿਗੁਰੂ ਇਹ ਕਹਿੰਦੈ ਕਿ ਜਿਸ ਨੂੰ ਮੈਂ ਆਪਣੇ ਵਲ ਖਿੱਚਣਾ ਹੋਵੇ, ਮੈਂ ਦੁੱਖ ਦੀ ਜੰਜੀਰ ਭੇਜ ਕੇ ਖਿੱਚ ਲਿਆ ਕਰਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਸੰਸਾਰ ਦੇ ਵਿਚ ਜੋ ਕੁਛ ਵੀ ਹੋ ਰਿਹਾ ਹੈ, ਉਹ ਵਾਹਿਗੁਰੂ ਦੀ ਮੌਜ ਦੇ ਨਾਲ ਹੀ ਹੋ ਰਿਹਾ ਹੈ ਤੇ ਜੋ ਕੁਛ ਹੋ ਰਿਹਾ ਹੈ ਉਹਦੇ ਨਾਲ ਰਾਜ਼ੀ ਰਹਿਣਾ ਚਾਹੀਦਾ ਹੈ -

*ਧਾਰਨਾ - ਪਿਆਰੇ ਇਕਨਾ ਨੂੰ ਪਲੰਘ ਨਿਵਾਰ ਦੇ,*
*ਇਕਨਾ ਨੂੰ ਹੈ ਨਾ ਗੋਦੜੀ।*

*ਕਾਹੂ ਦੀਨ੍ਹੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥*
*ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧ ॥*
*ਅਹਿਰਖ ਵਾਦੁ ਨ ਕੀਜੈ ਰੇ ਮਨ ॥*
*ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ੧ ॥ ਰਹਾਉ ॥*
*ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥*
*ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥*

*ਅੰਗ - ੪੭੯*

ਕਹਿਣ ਲੱਗਿਆ, ਸਭ ਕੁਝ ਵਾਹਿਗੁਰੂ ਦੀ ਰਜ਼ਾ ਵਿਚ ਚੱਲ ਰਿਹਾ ਹੈ। ਜੋ ਕੁਛ ਆਪਣੇ ਨਾਲ ਹੋਇਆ ਹੈ ਤੁਸੀਂ ਭਾਣਾ ਮੰਨ ਕੇ ਰਾਜ਼ੀ ਰਹੋ। ਸੰਸਾਰ ਦੇ ਅੰਦਰ - '***ਕਾਹੂ ਦੀਨ੍ਹੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥'*** ਕੋਈ ਨੰਗੇ ਪੈਰੀਂ ਤੁਰਿਆ ਫਿਰਦੈ। ਕਿਸੇ ਨੂੰ ਪੈਣ ਵਾਸਤੇ ਪਰਾਲੀ ਵੀ ਨਹੀਂ ਮਿਲਦੀ। ਕਿਸੇ ਕੋਲ ਗੋਦੜੀ ਵੀ ਨਹੀਂ ਹੈ। ਕਿਸੇ ਥਾਂ ਤੇ ਪਲੰਘ ਨੇ ਨਿਵਾਰ ਦੇ। ਸੋ ਇਹ ਵਾਹਿਗੁਰੂ ਦਾ ਜਿਵੇਂ ਹੁਕਮ ਚੱਲ ਰਿਹੈ, ਉਹਦੇ ਵਿਚ ਹੀ ਸਾਨੂੰ ਸਹੀ ਆਪਣੇ ਆਪ ਨੂੰ ਮੰਨਣਾ ਚਾਹੀਦਾ ਹੈ। ਇਹ ਕਿਸੇ ਦੇ ਉਤੇ ਦੋਸ਼ ਨਾ ਦਿਓ। ਜੋ ਕੁਛ ਹੋ ਰਿਹੈ ਉਹ ਪ੍ਰਭੂ ਦੀ ਰਜ਼ਾ 'ਚ ਹੋ ਰਿਹੈ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਤਖਤ ਬੈਠ ਕੇ ਰਾਜ ਕੋਈ ਕਰਦਾ,*
*ਫਿਰਦੈ ਕੋਈ ਘਾਹ ਖੋਤਦਾ।*

ਇਕ ਤਾਂ ਆਪਣੇ ਘਰ ਤੋਂ ਬਾਹਰ ਨਹੀਂ ਜਾਂਦੇ, ਐਨਾ ਪ੍ਰਮੇਸ਼ਰ ਨੇ ਉਹਨਾਂ ਨੂੰ ਰਿਜ਼ਕ ਦਿਤਾ ਹੋਇਆ ਹੈ। ਨਾ ਕਿਤੇ ਨੌਕਰੀ ਕਰਨ ਜਾਣ, ਨਾ ਕਿਸੇ ਦੇਸ਼-ਪ੍ਰਦੇਸ 'ਚ ਜਾਣ -

*ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥*
*ਇਕਿ ਪਠਾਏ ਦੇਸ ਦਿਸੰਤਰਿ ॥* *ਅੰਗ - ੧੦੯੧*

ਕੋਈ ਅਰਬ ਦੇਸ਼ਾਂ ਨੂੰ ਜਾ ਰਿਹੈ, ਕੋਈ ਇੰਗਲੈਂਡ ਨੂੰ ਜਾ ਰਿਹੈ। ਕਨੇਡਾ ਨੂੰ ਜਾ ਰਿਹੈ, ਕੋਈ ਅਮਰੀਕਾ ਨੂੰ ਜਾ ਰਿਹੈ।

*ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ*
*ਇਨ ਮਹਿ ਕਹੀਐ ਕਿਆ ਕੂੜਾ ॥* *ਅੰਗ - ੧੦੯੧*

ਇਕ ਘਾਹ ਖੋਤਦਾ ਫਿਰਦੈ, ਇਕ ਤਖਤ ਦੇ ਉਤੇ ਬੈਠੈ। ਮਹਾਰਾਜ ਕਹਿੰਦੇ, ਕੀ ਕਿਹਾ ਜਾਵੇ, ਜਿਥੇ ਪ੍ਰਮੇਸ਼ਰ ਕਿਸੇ ਨੂੰ ਰੱਖਦੈ, ਉਥੇ ਹੀ ਰਹਿੰਦੈ।

*ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥*

*ਅੰਗ - ੭੬੨*

ਹੁਕਮ ਦੇ ਅੰਦਰ ਤਖਤ ਦੀ ਵਡਿਆਈ ਮਿਲਦੀ ਹੈ, ਹੁਕਮ ਦੇ ਅੰਦਰ ਹੀ ਭੀਖ ਮੰਗਦਾ ਫਿਰਦੈ। -

*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥*

*ਅੰਗ- ੧੪੪*

ਕਹਿੰਦੇ, ਭਾਣੇ ਦੇ ਵਿਚ, ਥਲਾਂ ਦੇ ਵਿਚ ਦਰਿਆ ਵਹਿਣ ਲਗ ਜਾਂਦੇ ਨੇ -

*ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥*
*ਅੰਗ- ੭੬੨*

ਅਕਾਸ਼ ਵਿਚ ਕਮਲ ਫੁੱਲ ਜਾਗ ਪੈਂਦੇ ਨੇ –

*ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥*
*ਅੰਗ- ੭੬੨*

ਕਹਿੰਦੇ, ਸਾਰਾ ਕੁਝ ਵਾਹਿਗੁਰੂ ਦੇ ਭਾਣੇ ਵਿਚ ਹੋ ਰਿਹੈ। ਭਾਣਾ ਮੰਨੋ, ਜੋ ਕੁਛ ਹੋ ਰਿਹੈ, ਠੀਕ ਹੋ ਰਿਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਚਲਦੇ-ਚਲਦੇ, ਇਕ ਨਗਰ ਆ ਗਿਆ, ਚੰਗੇ ਪੁਰਸ਼ ਦੇਖੇ। ਪਰਦੇਸੀ ਜਾਣ ਕੇ ਸਾਰਿਆਂ ਨੇ ਬੁਲਾਇਆ। ਕਿਸੇ ਤਰਸਵਾਨ ਨੇ ਦੇਖ ਕੇ ਕਿ ਭੁੱਖੇ ਨੇ ਪ੍ਰਸ਼ਾਦਾ ਛਕਾ ਦਿਤਾ। ਉਸ ਵੇਲੇ ਭਾਈ ਮੰਝ ਨੇ ਬੇਨਤੀ ਕੀਤੀ ਕਿ ਅਸੀਂ ਇਥੇ ਰਹਿਣਾ ਚਾਹੁੰਦੇ ਹਾਂ। ਕੋਈ ਥਾਂ ਮਿਲ ਜਾਏ ਤਾਂ ਅਸੀਂ ਸਰਕੜਾ ਵਗੈਰਾ ਵੱਢ ਕੇ, ਇਥੇ ਕੁੱਲੀ ਪਾ ਲਈਏ? ਘਾਹ ਘੋਤ ਲਿਆਇਆ ਕਰਾਂਗੇ। ਖੁਰਪਾ ਲੈ ਲਿਆ ਤੇ ਘਾਹ ਖੋਤਣਾ ਸ਼ੁਰੂ ਕਰ ਦਿਤਾ। ਆਪ ਲਿਆਉਂਦੇ ਨੇ, ਲਿਆ ਕੇ ਮੰਡੀ ਵਿਚ ਵੇਚਦੇ ਨੇ ਤੇ ਉਹਦੇ ਚਾਰ ਹਿੱਸੇ ਕਰਦੇ ਨੇ। ਇਕ ਹਿੱਸਾ ਗੁਰੂ ਦੇ ਨਮਿੱਤ ਕੱਢ ਕੇ ਰਖ ਦਿੰਦੇ ਨੇ। ਚਾਰ ਪੈਸੇ ਦਾ ਰੋਜ਼ ਵਿਕਦੈ, ਤਿੰਨ ਪੈਸੇ ਦੇ ਨਾਲ ਆਪਣਾ ਗੁਜ਼ਾਰਾ ਕਰਦੇ ਨੇ। ਰੋਜ਼ ਦਾ ਹੀ ਇਸ ਤਰ੍ਹਾਂ ਕੰਮ ਹੋ ਗਿਆ ਲੇਕਿਨ ਗੁਰੂ ਮਹਾਰਾਜ ਦੀ ਯਾਦ ਹਿਰਦੇ ਦੇ ਅੰਦਰ ਐਨੀ ਜ਼ਬਰਦਸਤ ਸਮਾਈ ਹੋਈ ਹੈ ਕਿ ਕਿਸੇ ਸਮੇਂ ਵੀ ਕੰਮ ਕਰਦੇ, ਬੋਲਦੇ-ਚਲਦੇ, ਪ੍ਰਸ਼ਾਦਾ ਛਕਦੇ, ਕੋਈ ਸਮਾਂ ਐਸਾ ਨਹੀਂ ਜਦੋਂ ਸੀਨੇ ਦੇ ਅੰਦਰ ਖਿੱਚ ਨਾ ਪੈਂਦੀ ਹੋਵੇ। ਸੋ ਹਰ ਵਕਤ ਗੁਰੂ ਮਹਾਰਾਜ ਦੇ ਧਿਆਨ ਵਿਚ ਆ ਕੇ ਪ੍ਰਾਥਨਾ ਕਰਦੇ ਰਹਿੰਦੇ ਨੇ –

*ਧਾਰਨਾ – ਗੁਰਾਂ ਦੇ ਦਰਸਨ ਤਾਈਂ,*
*ਮੇਰਾ ਮਨ ਲੋਚਦੈ।*

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਅੰਗ – ੯੬*

ਬਾਰ-ਬਾਰ ਖਿੱਚਾਂ ਪਾਉਂਦੇ ਨੇ। ਬਾਰ-ਬਾਰ ਨੇਤਰਾਂ 'ਚੋਂ ਜਲ ਜਾਣ ਲਗ ਜਾਂਦੈ। ਘਾਹ ਖੋਤਦੇ ਨੇ। ਗੁਰੂ ਮਹਾਰਾਜ ਦੀ ਖਿੱਚ, ਹਿਰਦੇ 'ਚ ਪੈਂਦੀ ਹੈ।

ਖਿੱਚ ਦੋਹੀਂ ਪਾਸੀਂ ਪੈਂਦੀ ਹੈ, ਸਾਧਸੰਗਤ ਜੀ! ਜਿਹੜਾ ਕਿਸੇ ਨੂੰ ਪਿਆਰ ਕਰਦਾ ਹੈ, ਉਹਦੀ ਖਿੱਚ ਦੂਸਰੇ ਦੇ ਹਿਰਦੇ ਵਿਚ ਵੀ ਪਿਆ ਕਰਦੀ ਹੈ। ਸੋ ਮਹਾਰਾਜ ਵੀ ਖਿੱਚ ਖਾਂਦੇ ਨੇ। ਪਤਾ ਹੈ ਗੁਰਸਿੱਖ ਕਸਵੱਟੀ ਦੇ ਵਿਚੀਂ ਲੰਘ ਰਿਹੈ। ਪਾਸ ਹੋ ਗਿਆ, ਜ਼ਮੀਨ ਜਾਇਦਾਦ ਖੋਹ ਲਈ। ਹੁਣ ਇਹੋ ਜਿਹੀ ਹਾਲਤ ਹੋ ਗਈ ਕਿ ਚੌਧਰ ਛੱਡ ਕੇ, ਵਡਿਆਈਆਂ ਛੱਡ ਕੇ, ਇਕ ਮਾਮੂਲੀ ਮਜ਼ਦੂਰ ਦਾ ਕੰਮ ਕਰ ਰਿਹੈ, Future ਕੋਈ ਨਹੀਂ। ਚਾਰ ਪੈਸੇ ਦਾ ਘਾਹ ਵੇਚਦੈ ਹੈ ਤੇ ਉਹਦੇ ਨਾਲ ਗੁਜ਼ਾਰਾ ਕਰਦੈ। ਸੋ ਉਸ ਵੇਲੇ ਬਿਰਹੁੰ ਵਧਦਾ ਜਾਂਦਾ ਹੈ।

ਸਾਧਸੰਗਤ ਜੀ! ਜੋ ਬਿਰਹੀ ਪੁਰਸ਼ ਹੁੰਦੈ, ਮਹਾਰਾਜ ਕਹਿੰਦੇ, ਜਿਹਦੇ ਅੰਦਰ ਪਿਆਰ ਨਾ ਹੋਵੇ, ਬਿਰਹਾ ਨਾ ਹੋਵੇ, ਖਿੱਚ ਨਾ ਹੋਵੇ, ਉਹ ਤਾਂ ਕਹਿੰਦੇ, ਮਰਿਆ ਹੋਇਆ ਬੰਦਾ ਹੁੰਦੈ –

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ – ੧੩੭੯*

ਜਿਹੜਾ ਬਿਰਹੀ ਪੁਰਸ਼ ਹੈ ਉਹਨੂੰ ਜਿਉਣਾ ਬਹੁਤ ਔਖਾ ਹੋ ਜਾਂਦੈ –

*ਧਾਰਨਾ – ਨਾ ਜੀਵੇ ਕੋਈ ਰਾਮ ਦਾ ਵਿਯੋਗੀ।*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ – ੧੩੬੮*

ਵਿਛੋੜੇ ਦਾ, ਕਹਿੰਦੇ ਜੇ ਕੋਬਰਾ ਨਾਗ ਮਨ ਵਿਚ ਵਸ ਜਾਵੇ, ਫੇਰ ਕਿਸੇ ਮੰਤਰ 'ਚ ਨਹੀਂ ਆਉਂਦਾ, 'ਮੰਤੁ ਨ ਮਾਨੈ ਕੋਇ' ਨਾ ਗਿਆਨ 'ਚ ਆਉਂਦੈ, ਨਾ ਧਿਆਨ 'ਚ ਆਉਂਦੈ। ਫੇਰ ਤਾਂ ਮਿਲਾਪ ਚਾਹੁੰਦੈ, ਵਸਲ ਚਾਹੁੰਦੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਸੋ ਜਿਹਦੇ ਅੰਦਰ ਖਿੱਚ ਹੀ ਨਹੀਂ ਉਹ ਇਸ ਗੱਲ ਨੂੰ ਅਨੁਭਵ ਨਹੀਂ ਕਰ ਸਕਦਾ। ਜਿਹਦੇ ਕਿਸੇ ਦੇ ਅੰਦਰ ਖਿੱਚ ਹੈ, ਉਹ ਜਾਣਦਾ ਹੈ ਕਿ ਇਹ ਕੀ

ਪੀੜਾ ਹੋਇਆ ਕਰਦੀ ਹੈ - **'ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥'** ਕਿਉਂਕਿ ਖਿੱਚ ਤੋਂ ਬਗੈਰ ਮਹਾਰਾਜ ਕਹਿੰਦੇ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - ੨੫੩*

ਇਕ ਬੰਦੇ ਵਿਚ ਸਾਰੀਆਂ ਸਿਫਤਾਂ ਹੋਣ - 'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।' ਕਹਿੰਦੇ ਉਹ ਤਾਂ ਮਰਿਆ ਹੋਇਆ ਬੰਦਾ ਹੈ। ਕੈਮੀਕਲ ਐਕਸ਼ਨ ਨਾਲ ਉਸ ਦਾ ਸਰੀਰ ਹਰਕਤ ਕਰ ਰਿਹੈ। ਖਾਣ ਦੇ ਨਾਲ, ਪੀਣ ਦੇ ਨਾਲ। ਵੈਸੇ ਉਹ ਮੁਰਦਾ ਹੈ, ਜ਼ਿੰਦਗੀ ਨਹੀਂ ਉਹਦੇ ਵਿਚ ਰੁਮਕ ਰਹੀ। ਜ਼ਿੰਦਗੀ ਕੇਵਲ ਪਿਆਰ ਵਿਚ ਰੁਮਕਦੀ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਉਹ ਤਾਂ ਮੁਰਦਾ ਹੋਇਆ ਕਰਦੈ। ਮੁਰਦਾ ਨਹੀਂ ਜਾਣਦਾ ਕਿ ਜਿਉਂਦੇ ਬੰਦਿਆਂ ਦੀ ਕੀ ਹਾਲਤ ਹੋਇਆ ਕਰਦੀ ਹੈ। ਉਹਨਾਂ ਅੰਦਰ ਕੀ ਬੀਤਦੀ ਹੁੰਦੀ ਹੈ-

*ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ ॥*
*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥*
*ਅੰਗ - ੧੩੭੯*

ਸੋ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥*
*ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ*
*ਜਿਨਿ ਹਉ ਪਿਰਹੁ ਵਿਛੋੜੀ ॥ ਅੰਗ- ੫੫੮*

ਸੋ ਬਿਰਹੇ ਦੀ ਬਾਤ ਹੈ, ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਮੈਂ ਰੋਵੰਦੀ ਸਭ ਜਗ ਰੁਨਾ,*
*ਰੁੰਨੜੇ ਵਣਹੁ ਪੰਖੇਰੂ ਜੀ।*

ਸੋ ਇਸ ਤਰ੍ਹਾਂ ਦੀ ਹਾਲਤ ਹੈ। ਗੁਰੂ ਮਹਾਰਾਜ ਦੀ ਖਿੱਚ ਪੈਂਦੀ ਹੈ। ਕਈ ਮਹੀਨੇ ਲੰਘ ਗਏ। ਘਾਹ ਖੋਤ ਕੇ ਗੁਜ਼ਾਰਾ ਕਰਦੈ। ਦੋਸ਼ ਨਹੀਂ ਦਿੰਦਾ। ਪਿਆਰ ਦੇ ਵਿਚ ਖਿੱਚਾਂ ਖਾਂਦੈ। ਭਰਿਆ ਪਿਐ ਪਿਆਰ ਦੇ ਅੰਦਰ। ਸੋ ਮਹਾਰਾਜ ਨੇ ਉਸ ਵੇਲੇ ਆਪਣੇ ਗੁਰਸਿੱਖ ਨੂੰ ਭੇਜਿਆ ਕਿ ਭਾਈ! ਆਹ ਸਾਡਾ ਹੁਕਮਨਾਮਾ ਲੈ ਜਾ ਤੇ ਭਾਈ ਮੰਝ ਕਰਕੇ ਇਕ ਸਿੱਖ ਫਲਾਣੇ ਪਿੰਡ ਵਿਚ, ਪਿੰਡ ਦੇ ਬਾਹਰ ਝੌਂਪੜੀ ਪਾ ਕੇ ਰਹਿੰਦੈ। ਗੁਰੂ ਮਹਾਰਾਜ ਸਭ ਕੁਝ ਜਾਣਦੇ ਸੀ। ਕਹਿਣ ਲੱਗੇ, ਆਹ ਸਾਡਾ ਹੁਕਮਨਾਮਾ ਉਸ ਨੂੰ ਦੇ ਦੇਈਂ, ਪਰ ਯਾਦ ਰੱਖੀਂ ਕਿ ਹੁਕਮਨਾਮਾ ਤਾਂ ਦੇਣੈ, ਜਦੋਂ ਵੀਹ ਰੁਪਈਏ ਦਰਸ਼ਨ ਭੇਟ ਦੇਵੇ। ਚਾਰ ਪੈਸੇ ਕਮਾਉਣ ਵਾਲਾ ਬੰਦਾ, ਤਿੰਨ ਜੀਅ ਗੁਜ਼ਾਰਾ ਕਰਨ ਵਾਲੇ ਤੇ ਵੀਹ ਰੁਪਈਏ, ਉਹਨਾਂ ਦਿਨਾਂ ਦੇ ਅੰਦਰ ਇਕ ਰੁਪਈਏ ਦੇ ਨੌਂ ਮਣ ਛੋਲੇ ਆਉਂਦੇ ਸੀ। ਹੁਣ ਛੋਲਿਆਂ ਦਾ ਭਾਅ ਦੇਖ ਲਓ ਕਿੰਨਾ ਹੈ। ਆਪੇ ਹੀ ਲਾ ਲਓ ਕਿੰਨੇ ਹਜ਼ਾਰ ਰੁਪਿਆ।

ਸੋ ਗੁਰਸਿੱਖ ਹੁਕਮਨਾਮਾ ਲੈ ਕੇ ਚਲਦੈ ਤੇ ਆ ਕੇ ਭਾਈ ਮੰਝ ਦਾ ਪਤਾ ਕਰਕੇ, ਉਹਨਾਂ ਦੀ ਝੌਂਪੜੀ ਦੇ ਵਿਚ ਦਾਖਲ ਹੋ ਜਾਂਦੈ। ਉਹਨਾਂ ਨੂੰ ਦਸਦੈ ਕਿ ਮੈਂ ਸਤਿਗੁਰੂ ਗੁਰੂ ਅਰਜਨ ਪਾਤਸ਼ਾਹ ਜੀ ਪਾਸੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹੁਕਮਨਾਮਾ ਲੈ ਕੇ ਆਇਆ ਹਾਂ।

ਚਾਓ ਚੜ੍ਹ ਗਿਆ ਸਾਰੇ ਪਰਿਵਾਰ ਨੂੰ, ਇਹ ਗੱਲ ਦੇਖ ਕੇ। ਕਿਉਂਕਿ ਜਿਹੜਾ ਬਾਕੀ ਪਰਿਵਾਰ ਸੀ ਘਰਵਾਲੀ ਤੇ ਬੱਚੀ, ਉਹ ਵੀ ਸਤਿਗੁਰੂ ਦੇ ਬਚਨ ਸੁਣ-ਸੁਣ ਕੇ, ਗੱਲਾਂ ਸੁਣ-ਸੁਣ ਕੇ, ਬਾਣੀ ਦੀ ਵਿਚਾਰ ਸੁਣ-ਸੁਣ ਕੇ, ਵੈਰਾਗੀ ਹੋਏ ਪਏ ਸੀ ਤੇ ਚਾਹੁੰਦੇ ਸੀ ਕਿ ਕਦੋਂ ਇਜਾਜ਼ਤ ਮਿਲੇ ਤੇ ਕਦੋਂ ਅਸੀਂ ਚੱਲ ਕੇ ਦਰਸ਼ਨ ਕਰੀਏ। ਹੁਕਮਨਾਮਾ ਆ ਗਿਆ, ਸਾਰਿਆਂ ਦੇ ਮਨ ਵਿਚ ਖਿਆਲ ਹੋਇਆ ਕਿ ਮਹਾਰਾਜ ਨੇ ਯਾਦ ਕਰ ਲਿਆ। ਬਚਨ ਹੁੰਦੇ ਨੇ, ਸਾਰੀ ਰਾਤ ਬਚਨ ਚੱਲੀ ਗਏ। ਇਕ ਵਾਰੀ ਸੁਣਾ ਦਿੰਦੈ, ਫੇਰ ਕਹਿੰਦੇ ਨੇ ਕਿ ਹੋਰ ਮਹਾਰਾਜ ਕੀ ਕਰਦੇ ਹੁੰਦੇ ਨੇ, ਹੋਰ ਮਹਾਰਾਜ ਨੇ ਕੀ ਕਿਹਾ?

ਆਪਣੇ ਪਿਆਰੇ ਦੇ ਪਾਸੋਂ ਕੋਈ ਆਵੇ, ਤਾਂ ਇਕ ਗੱਲ ਨੂੰ ਚਾਹੇ ਸੌ ਵਾਰੀ ਸੁਣਾ ਦਿਓ, ਸੌ ਵਾਰੀ ਹੀ ਸੁਣ ਕੇ ਅਨੰਦ ਆਈ ਜਾਏਗਾ। ਫੇਰ ਕਹੀ ਜਾਈਦੈ ਕਿ ਹੋਰ ਕੀ ਕਿਹਾ। ਮਹਾਰਾਜ ਤਾਂ ਇਸ ਤੋਂ ਵੀ ਅਗਾਂਹਾਂ ਜਾਂਦੇ ਨੇ ਕਿ ਜੇ ਕੋਈ ਪਿਆਰੇ ਦੀ ਗੱਲ ਆ ਕੇ ਸੁਣਾਵੇ, ਉਹਨੂੰ ਆਪਣਾ ਸਭ ਕੁਛ ਅਰਪਣ ਕਰ ਦਿਓ -

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ - ੫੫੮*

ਪਿਆਰਿਆ! ਤੇਰੀ ਕੋਈ ਆ ਕੇ ਮੇਰੇ ਕੋਲ ਗੱਲ ਕਰਦੈ, ਮੈਂ ਕੀ ਦੇਵਾਂ? ਮੇਰੇ ਕੋਲ ਸਭ ਤੋਂ ਕੀਮਤੀ ਚੀਜ਼ ਸੀਸ ਹੈ, ਮੈਂ ਇਹ ਵੱਢ ਕੇ ਉਹਦੇ ਬੈਠਣ ਵਾਸਤੇ ਬਣਾ ਦੇਵਾਂ। ਸੋ ਇਸ ਤਰ੍ਹਾਂ ਦੇ ਨਾਲ ਬੜਾ ਪਿਆਰ ਕੀਤਾ। ਅੰਮ੍ਰਿਤ ਵੇਲਾ ਹੋ ਗਿਆ, ਇਸ਼ਨਾਨ ਕਰਿਆ, ਬਾਣੀ ਦਾ ਪਾਠ ਕਰਿਆ, ਨਿਤਨੇਮ ਕਰਨ ਤੋਂ ਬਾਅਦ ਕਹਿਣ ਲੱਗੇ, ਭਾਈ ਮੰਝ! ਤੁਹਾਡੇ ਵਾਸਤੇ ਗੁਰੂ ਮਹਾਰਾਜ ਨੇ ਹੁਕਮਨਾਮਾ ਭੇਜਿਆ ਹੈ।

ਕਹਿਣ ਲੱਗੇ, ਧੰਨ ਭਾਗ ਮਹਾਰਾਜ ਨੇ ਯਾਦ ਕਰਿਆ, ਆਪਣੇ ਦਸਤ-ਏ-ਮੁਬਾਰਕ ਨਾਲ ਸਾਡੇ ਵਾਸਤੇ ਕੁਛ ਲਿਖਿਆ। ਦੋਵੇਂ ਹੱਥ ਕਰ ਲਏ, ਝੋਲੀ ਅੱਡ ਲਈ।

ਉਹ ਕਹਿੰਦੇ, ਇਸ ਤਰ੍ਹਾਂ ਤਾਂ ਨਹੀਂ ਮਿਲਣਾ। ਮਹਾਰਾਜ ਦਾ ਹੁਕਮ ਹੈ ਕਿ ਪਹਿਲਾਂ 20 ਰੁਪਈਏ ਦਰਸ਼ਨੀ ਭੇਟ ਦਿਓ।

ਬੱਚੀ ਨੇ ਵੀ ਸੁਣ ਲਿਆ, ਘਰਵਾਲੀ ਨੇ ਵੀ ਸੁਣ ਲਿਆ, ਭਾਈ ਮੰਝ ਨੇ ਵੀ ਸੁਣ ਲਿਆ। ਹੁਣ ਵੀਹ ਰੁਪਏ ਹੈ ਨਹੀਂ। ਪੈਸਾ-ਪੈਸਾ ਜੋੜਦੇ ਨੇ। 64 ਪੈਸਿਆਂ ਦਾ ਰੁਪਿਆ ਹੁੰਦਾ। ਕਿੰਨੇ ਕੁ ਦਿਨ ਹੋਏ ਸੀ, ਵੱਧ ਤੋਂ ਵੱਧ ਦੋ ਰੁਪਏ ਜੁੜੇ ਹੋਣੇ। ਹੁਣ ਸੋਚ 'ਚ ਪੈ ਗਏ ਕਿ ਕੀ ਕਰਿਆ ਜਾਵੇ? ਇਕ ਪਾਸੇ ਹੋ ਗਿਆ ਪਰਿਵਾਰ, ਲੜਕੀ ਕਹਿਣ ਲੱਗੀ, ਪਿਤਾ ਜੀ! ਤੁਸੀਂ ਕਿਉਂ ਸੋਚ ਵਿਚ ਪੈਂਦੇ ਹੋਂ? ਮੈਨੂੰ ਮਿਹਨਤ ਗਿਰਵੀ ਕਰ ਦਿਓ। ਮੈਂ ਮਿਹਨਤ ਕਰੀ ਜਾਵਾਂਗੀ, ਜਦੋਂ ਕਿਤੇ ਉਤਰ ਜਾਣਗੇ ਪੈਸੇ, ਮੈਂ ਫਰੀ ਹੋ ਜਾਵਾਂਗੀ। ਤੁਸੀਂ ਇਸ ਚਿੰਤਾ ਵਿਚ ਨਾ ਪਵੋ। ਜਾਓ ਜਾ ਕੇ ਪੁੱਛ ਲਓ।

ਪਿੰਡ 'ਚ ਗਏ। ਭਲਾ ਪੁਰਸ਼ ਸੀ ਕੋਈ। ਦਸਿਆ ਕਿ ਇਸ ਤਰ੍ਹਾਂ ਸਾਨੂੰ ਵੀਹ ਰੁਪਏ ਦੀ ਲੋੜ ਪਈ ਹੈ। ਹੋਰ ਤਾਂ ਗਰੀਬਾਂ ਕੋਲ ਕੁਛ ਨਹੀਂ ਹੈ, ਮੇਰੀ ਲੜਕੀ ਹੈ। ਉਹ ਤੁਹਾਡੇ ਬੱਚਿਆਂ ਨੂੰ, ਤੁਹਾਡੇ ਕਾਰੋਬਾਰ ਨੂੰ, ਤੁਹਾਡੇ ਪਸ਼ੂਆਂ ਨੂੰ, ਹੋਰ ਤੁਹਾਡੇ ਘਰ ਦੇ ਸਾਰੇ ਕੰਮ ਕਰੇਗੀ। ਜਦੋਂ ਤਕ ਵੀਹ ਰੁਪਈਏ ਪੂਰੇ ਨਹੀਂ ਹੁੰਦੇ, ਇਥੇ ਹੀ ਰਹੇਗੀ। ਇਕੋ ਹੀ ਬੇਨਤੀ ਹੈ ਕਿ ਮੇਰੀ ਬੱਚੀ ਨੂੰ ਆਪਣੀ ਬੱਚੀ ਕਰਕੇ ਸਮਝਿਓ।

ਉਹ ਰਜ਼ਾਮੰਦ ਹੋ ਗਏ। ਵੀਹ ਰੁਪਏ ਦੇ ਦਿਤੇ। ਬੱਚੀ ਨੂੰ ਛੱਡ ਆਏ। ਬੜੇ ਹੀ ਖੁਸ਼ ਹੋਏ। ਕਿਉਂਕਿ-

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥*

*ਅੰਗ- ੧੪੨੫*

ਜਿਹੜੇ ਪਿਆਰ ਵਿਚ ਰੱਤੇ ਹੁੰਦੇ ਨੇ, ਔਖ ਆ ਜਾਏ, ਸੌਖ ਆ ਜਾਏ, ਮੁਆਫਕ ਗੱਲ ਹੋਵੇ, ਨਾ ਮੁਆਫਕ ਗੱਲ ਹੋਵੇ, ਭੋਰਾ ਜਿੰਨੀ ਵੀ ਤਰਕ ਮਨ ਵਿਚ ਨਹੀਂ ਲਿਆਉਂਦੇ -

*ਧਾਰਨਾ - ਮੁਖੜਾ ਨਾ ਮੋੜਦੇ,*
*ਰੱਤੇ ਜੋ ਨਾਲ ਗੁਰਾਂ ਦੇ।*
*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥*
*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥*

*ਅੰਗ - ੧੪੨੫*

ਪ੍ਰਸੰਨਤਾ ਹੈ ਚਿਹਰੇ ਦੇ ਉਤੇ ਕਿ ਵੀਹ ਰੁਪਈਏ ਦੇ ਕੇ ਗੁਰੂ ਮਹਾਰਾਜ ਦੇ ਦਰਸ਼ਨ ਹੋਣਗੇ, ਹੁਕਮਨਾਮੇ ਰਾਹੀਂ। ਹੁਕਮਨਾਮਾ ਲੈ ਲਿਆ, ਸੀਸ ਉਤੇ ਰੱਖਿਆ, ਨੇਤਰਾਂ ਦੇ ਨਾਲ ਛੁਹਾਇਆ। ਮੱਥਾ ਟੇਕਿਆ। ਬਹੁਤ ਬਚਾ ਕੇ ਲਿਫਾਫਾ ਖੋਲ੍ਹਿਆ। ਵਿਚ ਲਿਖਿਆ ਹੋਇਆ ਸੀ - 'ਭਾਈ ਮੰਝ! ਤੁਹਾਡਾ ਸਾਨੂੰ ਧਿਆਨ ਹੈ, ਤੁਸੀਂ ਜਿੱਥੇ ਹੋਂ, ਉਥੇ ਹੀ ਰਿਹੋ, ਹਾਲੇ ਸਾਡੇ ਪਾਸ ਨਹੀਂ ਤੁਸੀਂ ਆਉਣਾ।'

ਖੁਸ਼ ਹੋ ਗਏ ਕਿ ਮਹਾਰਾਜ ਨੇ ਯਾਦ ਤਾਂ ਰੱਖਿਆ, ਗਰੀਬ ਸਿੱਖ ਨੂੰ। ਪਾਤਸ਼ਾਹਾਂ ਦੇ ਪਾਤਸ਼ਾਹ ਦੇ ਯਾਦ ਵਿਚ ਤਾਂ ਹੈਗੇ ਅਸੀਂ, ਐਨੀ ਖੁਸ਼ੀ ਥੋੜ੍ਹੀ ਤਾਂ ਨਹੀਂ ਹੁੰਦੀ। ਸੋ ਸਿੱਖ ਵਿਦਾ ਹੋਇਆ। ਉਸ ਤੋਂ ਬਾਅਦ ਦੋ ਮਹੀਨੇ ਹੋਰ ਲੰਘ ਗਏ ਤੇ ਖਿੱਚ ਪੈ ਰਹੀ ਹੈ, ਉਸ ਵੇਲੇ। ਬਹੁਤ ਬਿਰਹੁੰ ਦੇ ਅੰਦਰ ਆਏ ਹੋਏ ਨੇ। ਅਰਦਾਸਾਂ ਭੇਜ ਰਹੇ ਨੇ ਇਸ ਤਰ੍ਹਾਂ ਦੀਆਂ ਗੁਰੂ ਵਲ -

*ਧਾਰਨਾ - ਫੰਘ ਵਿਕਦੇ ਹੋਣ ਬਜਾਰੀ,*
*ਗੁਰਾਂ ਨੂੰ ਮੈਂ ਉੱਡ ਕੇ ਮਿਲਾਂ ਪਿਆਰਿਓ।*
*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*

*ਅੰਗ - ੧੪੨੬*

ਦਿਨ ਰਾਤ ਪਿਆਰ ਦੀ ਖਿੱਚ ਵਿਚ ਰਹਿੰਦੇ ਨੇ। ਕਿਰਤ ਵੀ ਕਰਦੇ ਨੇ, ਘਾਹ ਖੋਤ ਕੇ ਲਿਆਉਂਦੇ ਨੇ, ਲੱਕੜਾਂ ਚੁਗ ਕੇ ਲਿਆਉਂਦੇ ਨੇ, ਹੋਰ ਅਨੇਕ ਤਰ੍ਹਾਂ ਦੀ ਮਿਹਨਤ ਕਰਦੇ ਨੇ। ਮਹਾਰਾਜ ਦੇ ਫੇਰ ਹਿਰਦੇ ਦੇ ਅੰਦਰ ਖਿੱਚ ਪੈਂਦੀ ਹੈ। ਦੂਸਰਾ ਹੁਕਮਨਾਮਾ

ਲਿਖਦੇ ਨੇ, ਫੇਰ ਉਸੇ ਸਿੱਖ ਨੂੰ ਭੇਜਿਆ ਕਿ ਭਾਈ, ਆਹ ਲੈ ਜਾ। ਭਾਈ ਮੰਝ ਨੂੰ ਦੇ ਦੇਵੀਂ। ਸਾਡੇ ਵਲੋਂ ਸੁਖ ਸੁਨੇਹਾ ਦੇ ਦੇਵੀਂ ਇਸ 'ਚ ਜੋ ਲਿਖਿਆ ਹੈ। ਪਰ ਦੇਣਾ ਤਾਂ ਹੈ ਜੇ ਵੀਹ ਰੁਪਏ ਦਰਸ਼ਨੀ - ਭੇਟਾ ਦੇਵੇ।

ਸੋ ਦੁਬਾਰਾ ਫੇਰ ਭੇਜ ਦਿਤਾ। ਪਹਿਲੀ ਗੱਲ ਸਿੱਖ ਨੇ ਦਸ ਦਿਤੀ। ਮਹਾਰਾਜ! ਲੜਕੀ ਗਹਿਣੇ ਕਰੀ ਹੈ। ਮਹਾਰਾਜ ਨੇ ਫੇਰ ਭੇਜ ਦਿਤਾ। ਇਸ ਤੋਂ ਵੀ ਸਖਤ ਹੋਰ ਤਾਓ ਲਾ ਦਿਤਾ। ਕਿੰਨੇ ਲਗ ਚੁੱਕੇ ਨੇ ਪਹਿਲਾਂ। ਹਾਲੇ ਤਕ ਕਸਵੱਟੀ ਦੇ ਉਪਰ ਕਸਵੱਟੀ ਹੀ ਚਲ ਰਹੀ ਹੈ। ਫੇਰ ਲਗ ਗਈ, ਫੇਰ ਲਗ ਗਈ, ਇਕ ਤੋਂ ਇਕ ਪੈਰ ਹਿਲਾਉਣ ਵਾਲੀ ਕਸਵੱਟੀ ਲਗ ਰਹੀ ਹੈ।

ਸੋ ਜਦੋਂ ਫੇਰ ਗੁਰਸਿੱਖ ਆ ਗਿਆ। ਉਸੇ ਤਰ੍ਹਾਂ ਆਦਰ ਸਤਿਕਾਰ ਕੀਤਾ। ਅੰਮ੍ਰਿਤ ਵੇਲਾ ਹੋਇਆ, ਬਾਣੀ ਦਾ ਪਾਠ ਕਰਨ ਤੋਂ ਬਾਅਦ ਜਦੋਂ ਬੈਠੇ ਤਾਂ ਕਹਿਣ ਲੱਗੇ, ਭਾਈ ਮੰਝ! ਦੂਸਰਾ ਹੁਕਮਨਾਮਾ ਆਇਆ ਹੈ ਤੇ ਹੁਕਮ ਇਹ ਹੈ ਕਿ ਵੀਹ ਰੁਪਏ ਦਰਸ਼ਨ ਭੇਟ ਲੈ ਕੇ, ਫੇਰ ਦੇਣਾ ਹੈ। ਉਸ ਵੇਲੇ ਘਰੋਂ ਬੀਬੀ ਕਹਿਣ ਲੱਗੀ ਕਿ ਹੁਣ ਤਾਂ ਮੈਂ ਹਾਂ। ਤੁਸੀਂ ਮੈਨੂੰ ਜਾ ਕੇ ਗਹਿਣੇ ਕਰ ਆਓ। ਗੁਰੂ ਵਲੋਂ ਮੁਖ ਨਹੀਂ ਮੋੜਨਾ, ਕੁਛ ਹੋ ਜਾਏ। ਫਿਕਰ ਨਾ ਕਰੋ ਭੋਰਾ ਜਿੰਨਾ ਵੀ। ਉਸ ਤਰ੍ਹਾਂ ਕੀਤਾ ਤੇ ਵੀਹ ਰੁਪਏ ਲੈ ਆਏ। ਬੀਬੀ ਨੂੰ ਜਾ ਕੇ ਛੱਡ ਆਏ, ਇਕੱਲਾ ਹੀ ਰਹਿ ਗਿਆ, ਭਾਈ ਮੰਝ। ਹੁਕਮਨਾਮੇ 'ਚ ਲਿਖਿਆ ਹੋਇਆ ਸੀ, ਭਾਈ ਮੰਝ! ਹੁਕਮਨਾਮਾ ਪੜ੍ਹਦੇ ਸਾਰ ਸਾਡੇ ਵਲ ਆ ਜਾਓ।

ਜਿਸ ਤਰ੍ਹਾਂ ਰਾਜੇ ਹਰੀ ਚੰਦ ਦਾ ਪਰਿਵਾਰ ਖੇਰੂੰ-ਖੇਰੂੰ ਹੋਇਆ ਸੀ, ਲੜਕੀ ਕਿਤੇ, ਘਰਵਾਲੀ ਕਿਤੇ, ਹੁਣ ਆਪ ਕਿਤੇ ਨੂੰ। ਕੈਸੀ ਅਵਸਥਾ ਹੈ ਸਾਧਸੰਗਤ ਜੀ! ਇਹ ਬਹੁਤ ਸਖਤ ਕਸਵੱਟੀ ਹੈ। ਇਹਦੇ 'ਚ ਡੋਲ੍ਹ ਜਾਂਦੇ ਨੇ ਵੱਡੇ-ਵੱਡੇ -

*ਧਾਰਨਾ - ਭੁਚਾਲ ਆਏ ਤੋਂ ਪਰਬਤ ਡੋਲ ਜਾਂਦੇ ਨੇ,*
*ਡੋਲੇ ਨਾ ਸਿਦਕੀ ਸਿੱਖ ਗੁਰਾਂ ਦਾ।*

*ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।*
*ਝਖੜਿ ਆਏ ਤਰਵਰਾਂ ਸਰਬਤ ਹਲੰਦੇ।*
*ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।*
*ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।*
*ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।*
*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ। ਭਾਈ ਗੁਰਦਾਸ ਜੀ*

ਸਭ ਪਰਬਤ ਡੋਲਣ ਲਗ ਜਾਂਦੇ ਨੇ। ਹਨ੍ਹੇਰੀ ਆ ਜਾਏ ਦਰਖਤ ਸਭ ਹਿਲਦੇ ਨੇ। ਜੰਗਲ ਨੂੰ ਅੱਗ ਲਗ ਜਾਵੇ ਸਾਰਾ ਘਾਹ ਜਲ ਜਾਂਦਾ ਹੈ। ਸਿਦਕੀ ਸਿੱਖ ਤੋਂ ਬਗੈਰ ਨਾ ਹਿਰਸੀ ਸਿੱਖ ਕਾਇਮ ਰਹੇ, ਨਾ ਦੇਖਾ-ਦੇਖੀ ਦਾ ਕਾਇਮ ਰਹੇ, ਨਾ ਭੇਖ ਦਾ ਰਹੇ। ਜੇ ਰਹੇਗਾ ਤਾਂ ਸਿਦਕੀ ਸਿੱਖ ਕਾਇਮ ਰਹਿੰਦੈ। ਇਸ ਤਰ੍ਹਾਂ ਆਪ ਨੇ ਉਸੇ ਤਰ੍ਹਾਂ ਮਹਾਰਾਜ ਦਾ ਸ਼ੁਕਰ ਕਰਿਆ, ਮਨ ਦੇ ਅੰਦਰ ਬੜੀ ਪ੍ਰਸੰਨਤਾ ਹੈ, ਕੋਈ ਫਿਕਰ ਨਹੀਂ ਹੈ ਮਨ ਦੇ ਅੰਦਰ ਕਿ ਪਹਿਲਾਂ ਸਰਦਾਰੀ ਗਈ, ਪਿੰਡ ਵਿਚੋਂ ਕੱਢ ਦਿਤੇ, ਲੜਕੀ ਵੀ ਗਹਿਣੇ ਪੈ ਗਈ, ਘਰਵਾਲੀ ਵੀ ਗਹਿਣੇ ਪੈ ਗਈ। ਸਾਰਾ ਕੁਛ ਗੁਰੂ ਨੂੰ ਸੌਂਪ ਕੇ ਆਸ ਇਹ ਹੈ ਕਿ ਗੁਰੂ ਨਾਲ ਬਣ ਆਵੇ -

*ਧਾਰਨਾ - ਗੁਰਾ ਨੂੰ ਮਨਾ ਲਈਏ,*
*ਤਨ ਮਨ ਧਨ ਦੇ ਕੇ।*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਸਭ ਕੁਛ ਸੌਂਪ ਦਿਤਾ। ਆਪ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਮਨ ਵਿਚ ਕੋਈ ਆਸ ਨਹੀਂ ਹੈ, ਕੋਈ ਸ਼ਿਕਵਾ ਨਹੀਂ ਹੈ। ਬੜੀ ਪ੍ਰਸੰਨਤਾ ਹੈ ਕਿ ਗੁਰੂ ਮਹਾਰਾਜ ਦੇ ਦਰਸ਼ਨ ਕਰਾਂਗਾ। ਜਾ ਕੇ ਆਪ ਨੇ ਨਮਸ਼ਕਾਰ ਕਰੀ। ਲੇਕਿਨ ਮਹਾਰਾਜ ਜੀ ਨੇ ਐਸੀ ਉਦਾਸੀ ਧਾਰਨ ਕਰੀ ਕਿ ਦੇਖਿਆ ਹੀ ਨਹੀਂ ਭਾਈ ਮੰਝ ਵਲ। ਬੋਲੇ ਹੀ ਨਹੀਂ। ਕੋਈ ਗੱਲ ਹੀ ਨਹੀਂ ਕਰੀ, ਜਿਵੇਂ ਜਾਣਦੇ ਹੀ ਨਹੀਂ ਹੁੰਦੇ।

ਬੜਾ ਮੁਸ਼ਕਲ ਹੈ ਸਾਧਸੰਗਤ ਜੀ! ਜੇ ਕੋਈ ਪਹਿਲਿਆਂ 'ਚੋਂ ਪਾਸ ਵੀ ਕਰ ਜਾਏ ਤੇ ਫੇਰ ਗੁਰੂ ਹੀ ਨਾ ਬੁਲਾਵੇ, ਫੇਰ ਤਾਂ ਬਹੁਤ ਔਖੀ ਗੱਲ ਹੈ। ਸਾਡਾ ਤਾਂ ਇਹ ਹੈ ਕਿ ਮਾੜਾ ਜਿਹਾ ਨਾ ਬੋਲੋ, ਉਸੇ ਵੇਲੇ ਪਿਆਰ ਹੀ ਟੁੱਟ ਜਾਂਦੈ, ਖਤਮ ਹੋ ਜਾਂਦੈ।

ਗੁਰੂ ਮਹਾਰਾਜ ਹੋਰ ਕਸਵੱਟੀ ਲਾ ਰਹੇ ਸੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅੱਗੇ ਮਹਾਰਾਜ ਨੇ ਚਾਹਿਆ ਤਾਂ ਅਗਲੀ ਵਿਚਾਰ ਅਗਲੇ ਦੀਵਾਨ 'ਚ ਹੋਵੇਗੀ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ ਦੀਵਾਨ ਨੰ: 122 ਦੀ ਬਾਕੀ)***

# ਗੁਰਬਾਣੀ ਅਨੁਸਾਰ ਸੰਤ ਕੌਣ ਹੈ?

## ਸੰਤ ਰਹਤ ਸੁਨਹੁ ਮੇਰੇ ਭਾਈ॥
## ਉਆ ਕੀ ਮਹਿਮਾ ਕਥਨੁ ਨ ਜਾਈ॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-35)***

ਸੰਤ, ਅਸੱਤਿ ਦੇ ਤਿਆਗੀ ਹੁੰਦੇ ਹਨ, ਸਤਿ ਦੇ ਜੀਵਨ ਦੇ ਧਾਰਨੀ ਹੋਇਆ ਕਰਦੇ ਹਨ। ਇੰਦ੍ਰੀ ਜਿਤ, ਜਤੀ ਹੋਇਆ ਕਰਦੇ ਹਨ।

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***
***ਅੰਗ - ੨੭੪***

***ਕਰਨ ਨ ਸੁਨੈ ਕਾਹੂ ਕੀ ਨਿੰਦਾ॥***
***ਅੰਗ - ੨੭੪***

ਮਨ ਵਿਚ ਵਿਕਾਰ ਨਹੀਂ ਚਿਤਵਦੇ, ਧੀਰਜ ਦੇ ਧਾਰਨ ਵਾਲੇ ਹੋਇਆ ਕਰਦੇ ਹਨ। ਖਿਮਾ ਕਰ ਦੇਣਾ ਇਨ੍ਹਾਂ ਦਾ ਆਤਮ ਸ਼ਿੰਗਾਰ ਹੁੰਦਾ ਹੈ। ਸਰਬ ਜੀਆਂ ਉਤੇ ਦਇਆ ਕਰਦੇ ਹਨ ਅਤੇ ਸੇਵਾ ਕਰਦੇ ਹਨ, ਬਚਨਾਂ ਵਿਚ ਹੱਦ ਦਰਜੇ ਦੀ ਕੋਮਲਤਾ ਹੁੰਦੀ ਹੈ। 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਦੇ ਧਾਰਨੀ ਹੋਇਆ ਕਰਦੇ ਹਨ। ਆਪਣੇ ਦੁਆਲੇ ਸਦਾ ਹੀ ਪਵਿੱਤਰ ਵਾਤਾਵਰਣ ਰਖਦੇ ਹਨ। ਨਿਸ਼ਕਾਮ ਸੇਵਾ ਕਰਨਾ ਉਹਨਾਂ ਦੇ ਜੀਵਨ ਦਾ ਧੇਅ ਹੋਇਆ ਕਰਦਾ ਹੈ। ਅਸ਼ਲੀਲ ਭਾਸ਼ਾ ਕਦੇ ਨਹੀਂ ਬੋਲਦੇ। ਯਾਨਿ ਕਿ ਮਨ, ਬੁੱਧੀ, ਬਚਨ ਅਤੇ ਸਰੀਰਕ ਪਵਿਤਰਤਾ ਦੀ ਮੂਰਤਿ ਹੋਇਆ ਕਰਦੇ ਹਨ। ਤ੍ਰਿਸ਼ਨਾ ਤੋਂ ਪੂਰੀ ਤਰ੍ਹਾਂ ਰਹਿਤ ਹੋਇਆ ਕਰਦੇ ਹਨ। ਸਦਾ ਹੀ ਜੀਅ ਦਾਨ ਦੇ ਕੇ ਭੁਲਿਆਂ-ਭਟਕਿਆਂ ਨੂੰ ਪ੍ਰਭੂ ਦੇ ਰਾਹ ਪਾਉਂਦੇ ਹਨ ਅਤੇ ਵਾਹਿਗੁਰੂ ਦਾ ਭਰੋਸਾ ਆਪ ਵੀ ਰਖਦੇ ਹਨ ਤੇ ਦੂਸਰਿਆਂ ਨੂੰ ਭੀ ਇਸ ਭਰੋਸੇ ਬਾਰੇ ਸੁਚੇਤ ਕਰਦੇ ਹਨ। ਸੇਵਾ ਦੇ ਪੁੰਜ ਹੋਇਆ ਕਰਦੇ ਹਨ। ਆਪਣੇ ਆਪ ਨੂੰ ਖੇਚਲਾਂ ਵਿਚ ਪਾ ਕੇ ਵੀ ਸੰਸਾਰ ਦੇ ਉਧਾਰ ਲਈ ਸਦਾ ਹੀ ਤੱਤਪਰ ਰਹਿੰਦੇ ਹਨ। ਕਿਸੇ ਕਿਸਮ ਦਾ ਪਖੰਡ ਧਾਰਨ ਨਹੀਂ ਕਰਦੇ, ਨਾ ਹੀ ਕੋਈ ਭੇਖ ਧਾਰਨ ਕਰਦੇ ਹਨ ਅਤੇ ਨਾ ਹੀ ਕੋਈ ਪਾਖੰਡੀ ਰਚਨਾ ਰਚਦੇ ਹਨ। ਆਪਣੀ ਨਿੱਜੀ ਪ੍ਰਭਤਾ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰਦੇ ਹਨ। ਕਿਸੇ ਕਿਸਮ ਦਾ ਵੀ ਆਡੰਬਰ ਆਪਣੀ ਮਹਿਮਾ ਲਈ ਨਹੀਂ ਰਚਿਆ ਕਰਦੇ। ਸਦਾ ਹੀ ਸਾਂਤਕੀ ਬਿਰਤੀ ਵਿਚ ਸੰਸਾਰ ਵਿਚ ਵਰਤਦੇ ਹਨ। ਨਿਮਰਤਾ, ਸੰਤਾਂ ਦਾ ਗਹਿਣਾ ਹੋਇਆ ਕਰਦੀ ਹੈ। ਮਿਠਾਸ ਭਰੀ ਬਾਣੀ ਬੋਲ ਕੇ ਆਪਣੇ ਹਿਰਦੇ ਦੀ ਅਪਣੱਤ ਭਰੀ ਭਾਵਨਾ ਰਾਹੀਂ ਦੂਸਰਿਆਂ ਦੇ ਮਨ ਨੂੰ ਮੋਂਹਦੇ ਹਨ। ਭੁੱਖਿਆਂ ਲਈ ਸਦਾ ਹੀ ਲੰਗਰ ਚਲਾਉਂਦੇ ਹਨ ਅਤੇ ਸਾਰਾ ਸਮਾਂ ਸੇਵਾ ਵਿਚ ਲਾਉਂਦੇ ਹਨ। ਬੇਅੰਤ ਮਹਾਂ-ਮੂੜ ਅਗਿਆਨੀ, ਸੰਤਾਂ ਬਾਰੇ ਮਨ ਕਲਪਿਤ ਦੋਸ਼ ਅਰੋਪਣ ਕਰਕੇ ਵੱਡੀਆਂ ਸਟੇਜਾਂ ਤੇ ਬਾਹਾਂ ਚੁਕ-ਚੁਕ ਕੇ ਬਦਨਾਮ ਕਰਨ ਦਾ ਜਤਨ ਕਰਨ ਵਾਲਿਆਂ ਨੂੰ ਭੀ ਅਸੀਸ ਹੀ ਦਿਆ ਕਰਦੇ ਹਨ ਅਤੇ ਕਹਿੰਦੇ ਹਨ ਕਿ ਹੇ ਵਾਹਿਗੁਰੂ ਜੀ! ਇਸ ਭੁੱਲੜ ਬੰਦੇ ਨੂੰ ਵੀ ਤੂੰ ਸੋਝੀ ਬਖਸ਼। ਸੰਤਾਂ ਦਾ ਇਹ ਜੀਵਨ ਆਮ ਸਮਝ ਵਿਚ ਆਉਣ ਵਾਲਾ ਨਹੀਂ ਹੋਇਆ ਕਰਦਾ। ਅਜਿਹੇ ਪੁਰਸ਼ਾਂ ਦੀ ਜਿੰਨੀ ਮਹਿਮਾ ਕੀਤੀ ਜਾਵੇ, ਉਤਨਾ ਹੀ ਆਪਣਾ ਭਲਾ ਹੋਇਆ ਕਰਦਾ ਹੈ ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰ ਵਿਚ ਰੱਤਿਆਂ ਦੀ ਉਸਤਤਿ ਅਤੇ ਉਨ੍ਹਾਂ ਦੀ ਕੀਤੀ ਹੋਈ ਸੇਵਾ, ਭਾਇਆ ਕਰਦੀ ਹੈ। ਉਹ ਕਦੇ ਵੀ ਆਪਣੇ ਸੀਤਲ ਸੁਭਾਅ ਨੂੰ ਆਪਣੇ ਅੰਦਰੋਂ ਨਹੀਂ ਗਵਾਉਂਦੇ, ਭਾਵੇਂ ਅਸੰਤ ਕਿੰਨੀਆਂ ਹੀ ਕੌੜੀਆਂ, ਕੁਸੈਲੀਆਂ, ਜ਼ਹਿਰੀਲੀਆਂ ਗੱਲਾਂ ਦੇ ਬਾਣ ਕਿਉਂ ਨਾ ਚਲਾਵੇ। ਉਹ ਸ਼ਾਂਤੀ ਨਹੀਂ ਛੱਡਿਆ ਕਰਦੇ। ਫੁਰਮਾਨ ਹੈ -

***ਕਬੀਰ ਸੰਤੁ ਨ ਛਾਡੈ ਸੰਤਈ***
***ਜਉ ਕੋਟਿਕ ਮਿਲਹਿ ਅਸੰਤ॥***
***ਮਲਿਆਗਰੁ ਭੁਯੰਗਮ ਬੇਢਿਓ***
***ਤ ਸੀਤਲਤਾ ਨ ਤਜੰਤ॥ ਅੰਗ - ੧੩੭੩***

ਇਸ ਬਾਰੇ ਇਕ ਕਥਾ ਹੈ - ਸੰਤ ਬੁੱਧੂ ਜੀ ਪੱਛਮੀ ਪੰਜਾਬ ਵਿਚ ਸ਼ਾਹਪੁਰ ਦੇ ਨੇੜੇ ਰਿਹਾ ਕਰਦੇ ਸਨ। ਆਪ ਜੀ ਲੰਗਰ ਬਣਾਉਣ ਤੇ ਛਕਾਉਣ ਦੀ ਸੇਵਾ ਆਪਣੇ ਹੱਥੀਂ ਕਰਿਆ ਕਰਦੇ ਸਨ। ਆਪ ਜੀ ਪੂਰਨ ਸ਼ਕਤੀਆਂ ਦੇ ਮਾਲਕ ਸਨ ਪਰ ਕਦੇ ਵੀ ਭੁੱਲ ਕੇ ਸ਼ਕਤੀਆਂ ਦਾ ਪ੍ਰਯੋਗ ਨਹੀਂ ਕਰਿਆ ਕਰਦੇ ਸਨ। ਇਕ ਵਾਰੀ ਉਨ੍ਹਾਂ ਦੇ ਪਾਸ ਇਕ ਜੋਗੀ ਆਇਆ ਜਿਸਦੇ ਪਾਸ ਰਿਧੀਆਂ-ਸਿਧੀਆਂ ਦੇ ਭੰਡਾਰ ਸਨ ਅਤੇ

ਉਹ ਆਮ ਤੌਰ ਤੇ ਵਰਤ ਕੇ ਲੋਕਾਂ ਨੂੰ ਮੋਹਿਤ ਕਰਿਆ ਕਰਦਾ ਸੀ ਅਤੇ ਆਪਣੇ ਪਿਛੇ ਲਾ ਲਿਆ ਕਰਦਾ ਸੀ। ਉਸ ਪ੍ਰੇਮੀ ਨੇ ਸੰਤ ਭਾਈ ਬੁੱਧੂ ਜੀ ਦੇ ਲੰਗਰਾਂ ਵਾਸਤੇ ਅਤੇ ਹੋਰ ਬਹੁਤ ਸਾਰੇ ਖਰਚਿਆਂ ਦੇਖ ਕੇ ਮਨ ਵਿਚ ਸੋਚਿਆ ਕਿ ਜੇ ਮੈਂ ਇਸਨੂੰ ਚਾਂਦੀ ਬਣਾਉਣ ਦਾ ਨੁਸਖਾ ਦਸ ਦੇਵਾਂ ਤਾਂ ਇਹਦੇ ਖਰਚਿਆਂ ਲਈ ਪੈਸੇ ਦਾ ਇੰਤਜ਼ਾਮ ਸਹਿਜੇ ਹੀ ਹੋ ਜਾਇਆ ਕਰੇਗਾ। ਸੋ ਉਸਨੇ ਸੰਤ ਬੁੱਧੂ ਜੀ ਨੂੰ ਇਕਾਂਤ ਵਿਚ ਮਿਲਕੇ ਕਿਹਾ ਕਿ ਸੰਤ ਜੀ! ਮੈਂ ਤੁਹਾਡੇ ਪਾਸ ਰਹਿ ਕੇ ਵੇਖਿਆ ਹੈ ਕਿ ਤੁਹਾਡਾ ਖਰਚ ਬਹੁਤ ਆਉਂਦਾ ਹੈ, ਇਸਦੇ ਵਾਸਤੇ ਮੈਂ ਤੁਹਾਡੀ ਕੁਝ ਮਦਦ ਕਰਨੀ ਚਾਹੁੰਦਾ ਹਾਂ ਅਤੇ ਤੁਹਾਨੂੰ ਚਾਂਦੀ ਬਣਾਉਣ ਦਾ ਨੁਸਖਾ ਦਸਣਾ ਚਾਹੁੰਦਾ ਹਾਂ। ਆਪ ਕ੍ਰਿਪਾ ਕਰਕੇ ਥੋੜ੍ਹਾ ਜਿਹਾ ਧਿਆਨ ਐਧਰ ਵੀ ਦੇਵੋ, ਤਾਂ ਸੰਤ ਬੁੱਧੂ ਜੀ ਨੇ ਕਿਹਾ ਕਿ ਪ੍ਰੇਮੀਆਂ! ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਇਹ ਇਕ ਮਾਲਕ ਦੇ ਚਾਕਰ ਵਲੋਂ ਹੀ ਹੋ ਰਿਹਾ ਹੈ, ਉਹ ਰਸਦਾਂ ਭੇਜਦੇ ਹਨ, ਉਹ ਹੀ ਮਾਇਆ ਭੇਜਦੇ ਹਨ, ਅਸੀਂ ਜੋ ਕੁਝ ਮਾਲਕ ਵਲੋਂ ਭੇਜਿਆ ਆਉਂਦਾ ਹੈ ਉਸਦੀ ਸਹੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜਿਥੇ ਲੋੜ ਹੁੰਦੀ ਹੈ ਉਥੇ ਉਹ ਮਾਇਆ ਲਗ ਜਾਇਆ ਕਰਦੀ ਹੈ। ਵੈਸੇ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਨਾਮ ਦੀ ਅਮੁਲ ਦਾਤ ਬਖਸ਼ੀ ਹੈ।

ਇਸ ਨਾਮ ਦੀ ਮਹਾਨ ਸ਼ਕਤੀ ਨੂੰ ਸੰਸਾਰ ਵਿਚ ਕੋਈ ਵੀ ਨਹੀਂ ਜਾਣਦਾ। ਇਸ ਵਿਚ ਸਾਰੀਆਂ ਰਿਧੀਆਂ-ਸਿਧੀਆਂ ਆਦਿ ਤਾਕਤਾਂ ਹਨ। ਜਿਸਦੇ ਹਿਰਦੇ ਵਿਚ ਨਾਮ ਵਸ ਜਾਵੇ, ਉਸਦੇ ਪਿੱਛੇ ਹੱਥ ਬੰਨ੍ਹੀ ਬੇਨਤੀਆਂ ਕਰਦੀਆਂ, ਆਪਣੀ ਸੇਵਾ ਅਰਪਣ ਕਰਦੀਆਂ ਫਿਰਦੀਆਂ ਹਨ ਪਰ ਪ੍ਰਭੂ ਦੇ ਨਾਮ ਦਾ ਰਸੀਆ ਇਨ੍ਹਾਂ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ ਕਿਉਂਕਿ ਇਹ ਮਾਇਆ ਮੰਡਲ ਦੀ ਆਖਰੀ ਮੋਹ ਲੈਣ ਵਾਲੀ ਸ਼ਕਤੀ ਹੈ ਅਤੇ ਪ੍ਰਾਕ੍ਰਿਤਕ ਮੰਡਲ ਤੋਂ ਅਕਾਲ ਮੰਡਲ ਵਿਚ ਪਹੁੰਚਣ ਵਾਲੀ ਹੱਦ ਤੇ ਸਾਧਕਾਂ ਨੂੰ ਮੋਹ ਕੇ ਆਪਣੇ ਵਿਚ ਹੀ ਫਸਾਉਣ ਵਾਲੀ ਹੈ। ਇਸ ਸ਼ਕਤੀ ਨੂੰ ਗੁਰੂ ਮਹਾਰਾਜ ਜੀ ਨੇ ਧ੍ਰਿਕਾਰ ਕਿਹਾ ਹੈ ਅਤੇ ਨਾਮ ਦੇ ਰਸੀਏ ਨੂੰ ਧੰਨ ਕਿਹਾ ਹੈ। ਸੋ ਪਿਆਰਿਆ! ਸਾਨੂੰ ਕਿਸੇ ਚਾਂਦੀ, ਸੋਨੇ ਦੀ ਲੋੜ ਨਹੀਂ ਹੈ, ਤੂੰ ਇਹ ਨੁਸਖੇ ਆਪਣੇ ਪਾਸ ਹੀ ਰੱਖ। ਉਸ ਜੋਗੀ ਨੇ ਇਹ ਬਚਨ ਸਮਝਣ ਦਾ ਜਤਨ ਹੀ ਨਾ ਕੀਤਾ ਅਤੇ ਮਹਾਂਪੁਰਸ਼ਾਂ ਦੇ ਸਾਹਮਣੇ ਹੀ ਪਾਰੇ ਤੇ ਕਲੀ ਦੀ ਵਰਤੋਂ ਕਰਕੇ ਚਾਂਦੀ ਬਣਾ ਦਿਤੀ। ਬਜ਼ਾਰ ਵਿਚ ਵੇਚ ਕੇ ਮਾਇਆ ਲਿਆ ਕੇ ਚਰਨਾਂ ਵਿਚ ਭੇਟ ਕਰਨ ਲਗਿਆ ਤਾਂ ਮਹਾਂਪੁਰਸ਼ਾਂ ਨੇ ਵਰਜ ਦਿਤਾ ਕਿ ਅਸੀਂ ਤਾਂ ਸਿਰਫ ਦਸਾਂ ਨਹੁੰਆਂ ਦੀ ਪਵਿਤਰ ਕਿਰਤ ਕਰਨ ਵਾਲੇ ਪ੍ਰੇਮੀ ਵਲੋਂ ਹੀ ਆਈ ਮਾਇਆ ਅੰਗੀਕਾਰ ਕਰਿਆ ਕਰਦੇ ਹਾਂ। ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਸਵੰਧ ਦਿਤਾ ਹੋਇਆ ਹੀ ਫਲਿਆ ਕਰਦਾ ਹੈ। ਉਸ ਜੋਗੀ ਨੇ ਚਾਂਦੀ ਬਣਾਉਣ ਦਾ ਨੁਸਖਾ ਲਿਖਿਆ ਅਤੇ ਸੰਭਾਲਣ ਲਈ ਮਹਾਂਪੁਰਸ਼ਾਂ ਨੂੰ ਕਿਹਾ। ਸੰਤ ਬੁੱਧੂ ਜੀ ਨੇ ਉਹ ਨੁਸਖਾ ਅਲਮਾਰੀ ਵਿਚ ਰਖਾ ਦਿਤਾ ਅਤੇ ਕੋਈ ਵਿਸ਼ੇਸ਼ ਧਿਆਨ ਨਾ ਦਿਤਾ, ਨਾ ਹੀ ਤਾਲਾ ਲਾਇਆ ਅਤੇ ਨਾ ਹੀ ਕਿਤੇ ਛੁਪਾਇਆ। ਉਹ ਜੋਗੀ ਤਾਲਾ ਲਾਉਣ ਦੀ ਤਾਕੀਦ ਕਰਕੇ ਰਮਤਾ ਹੋਇਆ। ਦੋ ਮੀਲ ਜਾ ਕੇ ਉਸਦੇ ਮਨ ਵਿਚ ਖਿਆਲ ਆਇਆ ਕਿ ਇਹ ਕੀਮਤੀ ਨੁਸਖਾ ਕਿਸੇ ਗਲਤ ਬੰਦੇ ਦੇ ਹੱਥ ਵਿਚ ਨਾ ਆ ਜਾਵੇ ਅਤੇ ਉਹ ਚਾਂਦੀ ਬਣਾ ਕੇ ਮਾਇਆ ਨੂੰ ਵਿਸ਼ੇ ਵਿਕਾਰਾਂ ਵਾਸਤੇ ਨਾ ਵਰਤੀ ਜਾਵੇ। ਉਹ ਵਾਪਸ ਸੰਤਾਂ ਪਾਸ ਮੁੜ ਆਇਆ। ਜਦੋਂ ਦੇਖਿਆ ਕਿ ਅਲਮਾਰੀ ਉਸੇ ਤਰ੍ਹਾਂ ਖੁਲ੍ਹੀ ਪਈ ਹੈ, ਬੰਦ ਵੀ ਨਹੀਂ ਕੀਤੀ ਤਾਂ ਉਹ ਸੰਤਾਂ ਦੇ ਪਾਸ ਗਿਆ, ਉਨ੍ਹਾਂ ਨੂੰ ਇਸ ਨੁਸਖੇ ਦੀ ਵਿਸ਼ੇਸ਼ਤਾ ਦਸ ਕੇ ਚੰਗੀ ਤਰ੍ਹਾਂ ਸੰਭਾਲਣ ਲਈ ਬੇਨਤੀ ਕੀਤੀ। ਉਸ ਵੇਲੇ ਸੰਤ ਬੁੱਧੂ ਸ਼ਾਹ ਗੁਰਦਵਾਰੇ ਦੇ ਬਾਹਰ-ਬਾਹਰ ਝਾੜੂ ਦੇਣ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਇਸ ਜੋਗੀ ਦੀ ਮਾਇਆਕਾਰ ਬਿਰਤੀ ਦਾ ਅਨੁਮਾਨ ਲਾਇਆ ਅਤੇ ਉਸਦੇ ਮਾਇਆ ਦੇ ਮੋਹ ਨੂੰ ਤੋੜਨ ਲਈ ਆਪ ਨੇ ਕਿਹਾ ਕਿ ਪ੍ਰੇਮੀਆ! ਉਹ ਇੱਟਾਂ ਦੇ ਚੱਠੇ ਉਪਰੋਂ ਮੈਨੂੰ ਕ੍ਰਿਪਾ ਕਰਕੇ ਇਕ ਇੱਟ ਲਿਆ ਦੇ। ਉਸਨੇ ਇੱਟ ਚੁਕ ਲਈ, ਜਦੋਂ ਧਿਆਨ ਨਾਲ ਦੇਖੀ ਤਾਂ ਉਹ ਇੱਟ ਸੋਨੇ ਦੀ ਸੀ। ਜੋਗੀ ਹੈਰਾਨ ਹੋ ਗਿਆ ਕਿ ਐਤਨੀ ਕੀਮਤੀ ਵਸਤੂ ਬੜੀ ਬੇ-ਧਿਆਨੀ ਨਾਲ ਇਟਾਂ ਦੇ ਚੱਠੇ ਉਪਰ ਰੱਖੀ ਹੋਈ ਹੈ। ਇਹ ਤਾਂ ਹਜ਼ਾਰਾਂ-ਲੱਖਾਂ ਰੁਪਏ ਦਾ ਮਾਲ ਹੈ। ਸੰਤਾਂ ਨੇ ਇੱਟ ਲੈ ਕੇ ਕਿਹਾ ਕਿ ਜੇ ਆਪ ਖੇਚਲ ਨਾ ਮੰਨੋ ਤਾਂ ਪੰਜ-ਚਾਰ ਇੱਟਾਂ ਹੋਰ ਲਿਆ ਦੇਵੋ। ਉਹ ਚੱਠੇ ਵਲ ਆਇਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਾ ਚੱਠਾ ਹੀ ਲਿਸ਼ਕਾਰਾਂ ਮਾਰਦਾ ਸੋਨੇ ਦਾ ਹੀ ਹੈ। ਮੁੜ ਕੇ ਜਦ ਗੁਰਦਵਾਰੇ ਵਲ ਦੇਖਿਆ ਤੇ ਹੈਰਾਨੀ ਦੀ ਹੱਦ ਨਾ ਰਹੀ ਕਿ ਸਾਰੇ ਗੁਰਦਵਾਰੇ ਦੀਆਂ ਦੀਵਾਰਾਂ ਝਿਲਮਿਲ-ਝਿਲਮਿਲ ਕਰਦੀਆਂ ਸੂਰਜ ਦੇ ਪਰਤਵੇਂ ਪ੍ਰਕਾਸ਼ ਦੀ ਪੀਲੀ ਭਾਅ ਮਾਰ ਰਹੀਆਂ ਹਨ। ਮਹਾਂਪੁਰਸ਼ਾਂ ਦੇ ਆ ਕੇ ਚਰਨ ਫੜ ਲਏ ਅਤੇ ਕਿਹਾ, ਮਹਾਰਾਜ! ਮੇਰੇ ਅੰਦਰ ਚਾਂਦੀ ਬਣਾਉਣ ਦਾ ਨੁਸਖਾ ਪ੍ਰਾਪਤ ਕਰਕੇ ਬਹੁਤ ਵੱਡਾ ਅਭਿਮਾਨ ਸੀ। ਆਪ ਦੀ

ਕ੍ਰਿਪਾ ਨਾਲ ਅੱਜ ਮੈਨੂੰ ਸੋਝੀ ਪਈ ਹੈ ਕਿ ਆਪ ਨੇ ਜਿਸ **'ਨਾਮ'** ਦਾ ਜ਼ਿਕਰ ਕੀਤਾ ਹੈ ਉਸਦੀ ਸਚਮੁਚ ਹੀ ਕੋਈ ਮਹਿਮਾ ਨਹੀਂ ਕਰ ਸਕਦਾ। ਮੈਨੂੰ ਉਸ ਨਾਮ ਦੀ ਸੋਝੀ ਬਖਸ਼ੋ ਤੇ ਆਪਣੇ ਚਰਨਾਂ ਵਿਚ ਨਿਵਾਸ ਦੇਵੋ।

ਅਜਿਹੇ ਮਹਾਂਪੁਰਸ਼ਾਂ ਵਿਚ ਧੀਰਜ ਦਾ ਅਮੁੱਕ ਭੰਡਾਰ ਸੀ। ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਬ੍ਰਹਮ ਗਿਆਨੀ ਕੈ ਧੀਰਜੁ ਏਕ।।***
***ਜਿਉ ਬਸੁਧਾ ਕੋਊ ਖੋਦੈ***
***ਕੋਊ ਚੰਦਨ ਲੇਪ।। ਅੰਗ – ੨੭੨***

ਆਪ ਜੀ ਨੇ ਉਸ ਅਸਥਾਨ ਦੇ ਨੇੜਿਓਂ ਹਰ ਰੋਜ਼ ਲੰਗਰ ਵਾਲੇ ਰਾਹੀਆਂ ਦਾ ਧਿਆਨ ਕਰਕੇ ਸਦੀਵ ਲੰਗਰ ਚਲਾਉਣ ਲਈ ਇਕ ਚੌਰਾਹੇ ਵਿਚ ਛੋਟੀ ਜਿਹੀ ਝੌਂਪੜੀ ਬਣਾ ਕੇ ਤੰਦੂਰ ਲਾ ਲਿਆ। ਆਇਆਂ–ਗਿਆਂ, ਖੁਧਿਆਬੰਤਾਂ ਵਾਸਤੇ ਲੰਗਰ ਤਿਆਰ ਕਰਕੇ ਛਕਾਇਆ ਕਰਦੇ ਸਨ। ਇਕ ਦਿਨ ਇਕ ਹੰਕਾਰੀ ਮੁਗਲ ਸੈਨਿਕ ਆ ਗਿਆ ਅਤੇ ਅਵਾਜ਼ ਦੇ ਕੇ ਕਿਹਾ, "ਓ ਬੁੱਧੂ! ਹਮਾਰੇ ਲੀਏ ਖਾਨਾ ਲਾਓ।" ਉਨ੍ਹਾਂ ਨੇ ਬੜੇ ਪ੍ਰੇਮ ਨਾਲ ਥਾਲੀ ਵਿਚ ਪ੍ਰਸ਼ਾਦੇ, ਸਬਜ਼ੀ ਸਮੇਤ ਦਿਤੇ। ਇਕ ਪ੍ਰਸ਼ਾਦੇ ਨੂੰ ਮਾਮੂਲੀ ਜਿਹਾ ਵੱਧ ਸੇਕ ਲੱਗਣ ਕਰਕੇ ਦਾਗ ਪੈ ਗਿਆ ਸੀ ਤਾਂ ਉਸਨੇ ਕੜਕ ਕੇ ਕਿਹਾ ਕਿ ਮੇਰੇ ਲਈ ਕਿਹੋ ਜਿਹੀ ਰੋਟੀ ਲੈ ਕੇ ਆਇਆਂ ਹੈਂ; ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਐਨਾ ਕਹਿੰਦੇ ਹੀ ਉਸਨੇ ਪੂਰੇ ਜ਼ੋਰ ਨਾਲ ਬੁੱਧੂ ਜੀ ਦੇ ਮੂੰਹ ਤੇ ਥੱਪੜ ਮਾਰਿਆ। ਤਾਂ ਬੁੱਧੂ ਜੀ ਨੇ ਆਪਣੀ ਦੂਸਰੀ ਗਲ੍ਹ ਸਾਹਮਣੇ ਕਰਦਿਆਂ ਕਿਹਾ ਕਿ ਖਾਨ ਜੀ! ਮੇਰੇ ਵਿਚ ਅਕਲ ਬਹੁਤ ਘੱਟ ਹੋਣ ਕਰਕੇ ਮੇਰੀ ਮਾਂ ਨੇ ਮੇਰਾ ਨਾਮ 'ਬੁੱਧੂ' ਹੀ ਰੱਖਿਆ ਹੈ, ਇਸਨੂੰ ਜ਼ਰੂਰ ਮਤ ਦੇਵੋ। ਉਸਨੇ ਦੂਸਰੇ ਹੱਥ ਦੀ ਚਪੇੜ, ਦੂਸਰੇ ਪਾਸੇ ਮਾਰੀ ਅਤੇ ਜ਼ੋਰ ਨਾਲ ਲੱਤ ਮਾਰੀ। ਬੁੱਧੂ ਜੀ ਨੇ ਦੂਜੀ ਵਾਰੀ ਪ੍ਰਸ਼ਾਦੇ ਤਿਆਰ ਕਰਕੇ ਬੜੀ ਸਾਵਧਾਨੀ ਨਾਲ ਉਸਨੂੰ ਛਕਾਏ। ਪ੍ਰਸ਼ਾਦੇ ਛਕ ਕੇ ਉਹ ਅਜੇ ਆਪਣੇ ਘੋੜੇ ਤੇ ਸਵਾਰ ਹੋ ਕੇ ਮਸਾਂ ਦੋ ਸੌ ਗਜ਼ ਹੀ ਗਿਆ ਹੋਣਾ ਹੈ ਕਿ ਉਸਦਾ ਘੋੜਾ ਅਲਫ਼ ਹੋ ਗਿਆ ਤੇ ਉਹ ਘੋੜੇ ਤੋਂ ਹੇਠਾਂ ਗਿਰ ਗਿਆ, ਉਸਦਾ ਪੱਟ ਟੁੱਟ ਗਿਆ ਅਤੇ ਉਹ ਦੁਹਾਈਆਂ ਦੇਣ ਲਗਿਆ। ਉਸਦੀ ਹਾਇ–ਕੁਰਲਾਹਟ ਸੁਣ ਕੇ ਸੰਤ ਬੁੱਧੂ ਜੀ ਆਪਣੇ ਸਿਰ ਤੇ ਮੰਜਾ ਚੁਕ ਕੇ ਉਸਦੇ ਪਾਸ ਪਹੁੰਚੇ। ਇਕ–ਦੋ ਪ੍ਰੇਮੀਆਂ ਦੀ ਮਦਦ ਨਾਲ ਮੰਜੇ ਤੇ ਲਿਟਾਇਆ ਅਤੇ ਆਪ ਖੇਚਲ ਕਰਕੇ ਕਿਤੋਂ ਦੂਰੋਂ ਨੇੜਿਓਂ ਹੱਡੀਆਂ ਬੰਨ੍ਹਣ ਵਾਲੇ ਨੂੰ ਲਿਆਏ। ਉਸਦਾ ਪੱਟ ਬੰਨ੍ਹਵਾ ਕੇ ਉਸਦੀ ਕਈ ਮਹੀਨੇ ਲਗਾਤਾਰ ਬਹੁਤ ਹੀ ਪ੍ਰੇਮ ਨਾਲ ਸੇਵਾ ਕੀਤੀ। ਜਦੋਂ ਉਹ ਰਾਜ਼ੀ ਹੋ ਗਿਆ ਤਾਂ ਉਸਨੂੰ ਆਪਣੀ ਭੁੱਲ ਦੇ ਉਪਰ ਬਹੁਤ ਹੀ ਪਸ਼ਚਾਤਾਪ ਸੀ। ਜਾਣ ਤੋਂ ਪਹਿਲਾਂ ਕਹਿਣ ਲੱਗਿਆ ਕਿ ਹੇ ਫਕੀਰ ਸਾਂਈ! ਮੈਂ ਆਪਣੀ ਕਰਨੀ ਦਾ ਫਲ ਪਾ ਲਿਆ ਹੈ ਪਰ ਮੈਂ ਇਕ ਗੱਲ ਨੂੰ ਦੁਨੀਆਂ ਵਿਚ ਨਸ਼ਰ ਕਰਾਂਗਾ (ਫੈਲਾਵਾਂਗਾ) ਕਿ ਗੁਰੂ ਨਾਨਕ ਦੇ ਘਰ ਦੇ ਸਾਧੂ ਨਿਰੇ ਹੀ ਫਰਿਸ਼ਤੇ ਹਨ, ਉਨ੍ਹਾਂ ਲਈ ਨਾ ਹੀ ਕੋਈ ਆਪਣਾ ਹੈ ਤੇ ਨਾ ਹੀ ਕੋਈ ਬੇਗਾਨਾ ਹੈ। ਉਨ੍ਹਾਂ ਦਾ ਹਿਰਦਾ ਕੀਨੇ (ਈਰਖਾ) ਤੋਂ ਬਿਲਕੁਲ ਸਾਫ ਹੈ ਅਤੇ ਸੂਰਜ ਵਾਂਗੂੰ ਚਮਕਦਾ ਹੈ। ਅੱਜ ਤੋਂ ਮੈਂ ਤਨੋ ਮਨੋ ਬਾਬਾ ਨਾਨਕ ਦੇ ਮੁਰੀਦਾਂ ਦਾ ਸਤਿਕਾਰ ਕਰਾਂਗਾ। ਤੁਸੀਂ ਮੈਨੂੰ ਸੁਮੱਤਿ ਦਿੱਤੀ ਹੈ।

ਸੋ ਇਸ ਤਰ੍ਹਾਂ ਨਾਲ ਅਨੇਕ ਸੰਤਾਂ ਦੇ ਜੀਵਨ ਵਿਚ ਮਿਸਾਲਾਂ ਹਨ ਕਿ ਸੰਤ ਕਦੇ ਵੀ ਸ਼ਾਂਤੀ ਨਹੀਂ ਛੱਡਦੇ ਭਾਵੇਂ ਹੰਕਾਰੀ ਪੁਰਸ਼, ਕਿੰਨੀ ਹੀ ਦ੍ਵੈਸ਼ ਉਨ੍ਹਾਂ ਨਾਲ ਕਰਦੇ ਰਹਿਣ। ਫੁਰਮਾਨ ਹੈ –

***ਨਹ ਸੀਤਲੰ ਚੰਦ੍ਰ ਦੇਵਹ***
***ਨਹ ਸੀਤਲੰ ਬਾਵਨ ਚੰਦਨਹ।।***
***ਨਹ ਸੀਤਲੰ ਸੀਤ ਰੁਤੇਣ***
***ਨਾਨਕ ਸੀਤਲੰ ਸਾਧ ਸ੍ਵਜਨਹ।। ਅੰਗ – ੧੩੫੭***

ਇਸੇ ਲਈ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਐਸੇ ਰਾਗ–ਦ੍ਵੈਸ਼ ਤੋਂ ਨਿਆਰੇ ਰਹਿਣ ਵਾਲੇ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਦੇ ਮਿਲਣ ਤੋਂ ਰਾਗ, ਦ੍ਵੈਸ਼ ਪੈਦਾ ਹੋਵੇ, ਜਿਹੜੇ ਆਪਣੇ ਮਤਲਬ ਦੀ ਪੂਰਤੀ ਵਾਸਤੇ ਦੁਨੀਆਂ ਨੂੰ ਪੁੱਠੀਆਂ–ਸਿਧੀਆਂ ਗੱਲਾਂ ਕਰਕੇ ਭਰਮਾਉਣ, ਉਨ੍ਹਾਂ ਦੀ ਸੰਗਤ ਕਰਨਾ ਗੁਰੂ ਮਹਾਰਾਜ ਜੀ ਵਲੋਂ ਪੂਰਨ ਰੂਪ ਵਿਚ ਵਰਜਿਤ ਹੈ–

***ਸਚੀ ਬੈਸਕ ਤਿਨਾ ਸੰਗਿ***
***ਜਿਨ ਸੰਗਿ ਜਪੀਐ ਨਾਉ।।***
***ਤਿਨ ਸੰਗਿ ਸੰਗੁ ਨ ਕੀਚਈ***
***ਨਾਨਕ ਜਿਨਾ ਆਪਣਾ ਸੁਆਉ।।***

***ਅੰਗ – 520***

ਪਰ ਅਜਿਹੇ ਪੁਰਸ਼ ਬਹੁਤ ਹੀ ਵਿਰਲੇ ਹੋਇਆ ਕਰਦੇ ਹਨ, ਜੇ ਆਦਮੀ ਦੇ ਪੁੰਨ ਕਰਮ ਜਾਗ ਪੈਣ ਤਾਂ ਅਜਿਹੇ ਪੁਰਸ਼ਾਂ ਦਾ ਮੇਲ ਹੋ ਜਾਇਆ ਕਰਦਾ ਹੈ–

***ਜਿਨਾ ਦਿਸੰਦੜਿਆ ਦੁਰਮਤਿ***
***ਵੰਞੈ ਮਿਤ੍ਰ ਅਸਾਡੜੇ ਸੇਈ।।***

*ਹਉ ਢੂਢੇਦੀ ਜਗੁ ਸਬਾਇਆ*
*ਜਨ ਨਾਨਕ ਵਿਰਲੇ ਕੇਈ॥ ਅੰਗ - 520*

ਇਹ ਮੁਕਤ ਆਤਮਾਵਾਂ ਵਾਹਿਗੁਰੂ ਦੇ ਹੁਕਮ ਵਿਚ ਸੰਸਾਰ ਨੂੰ ਸਿੱਧਾ ਰਾਹ ਦਿਖਾਉਣ ਵਾਸਤੇ ਸੰਸਾਰ ਵਿਚ ਭੇਜੀਆਂ ਜਾਂਦੀਆਂ ਹਨ ਪਰ ਇਹ ਵਿਰਲੇ ਹੋਇਆ ਕਰਦੇ ਹਨ। ਭਾਈ ਨੰਦ ਲਾਲ ਜੀ ਇਕ ਰੁਬਾਈ ਦੇ ਵਿਚ ਲਿਖਦੇ ਹਨ ਕਿ ਸੰਸਾਰ ਵਿਚ ਜੋ ਹਰੀ ਦੇ ਪਿਆਰੇ ਆਉਂਦੇ ਹਨ, ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਲਈ ਆਉਂਦੇ ਹਨ। ਐ ਗੋਯਾ! ਜੇ ਤੇਰੀਆਂ ਅੱਖਾਂ ਅਕਾਲ ਪੁਰਖ ਦੇ ਦਰਸ਼ਨਾਂ ਦੀਆਂ ਚਾਹਵਾਨ ਹਨ ਤਾਂ ਸਮਝ ਲੈ ਕਿ ਹਰੀ ਦੇ ਭਗਤ, ਹਰੀ ਨੂੰ ਹੀ ਵਿਖਾਲਣ ਲਈ ਆਉਂਦੇ ਹਨ -

*ਦਰ ਦਹਰ ਕਿ ਮਰਦਾਨਿ*
*ਖ਼ੁਦਾ ਆਮਦਹ ਅੰਦ॥*
*ਬਰ ਗੁਮ ਸ਼ੁਦਗਾਂ ਰਾਹਨੁਮਾ*
*ਆਮਦਹ ਅੰਦ॥*
*'ਗੋਯਾ' ਅਗਰ ਈਂ ਚਸ਼ਮਿ*
*ਤੋਂ ਮੁਸ਼ਤਾਕਿ ਖ਼ੁਦਾ ਅਸਤ॥*
*ਮਰਦਾਨਿ ਖ਼ੁਦਾ ਖ਼ੁਦਾਨੁਮਾ*
*ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਦੁਨੀਆਂ ਦੇ ਧਾਰਮਿਕ ਗ੍ਰੰਥਾਂ ਨਾਲੋਂ 'ਸੰਤ' ਅੱਖਰ ਦੀ ਸਭ ਤੋਂ ਵਧ ਕੇ ਵਰਤੋਂ ਕੀਤੀ ਹੈ ਅਤੇ ਬਿਲਕੁਲ ਸਪਸ਼ਟ ਕਰ ਦਿਤਾ ਗਿਆ ਹੈ ਕਿ ਗੁਰੂ ਦਾ ਹੁਕਮ, ਜਗਿਆਸੂਆਂ ਲਈ, ਸੰਤਾਂ ਦੀ ਸੰਗਤ ਕਰਨਾ ਹੈ ਅਤੇ ਨਾਲ ਹੀ ਨਿਸ਼ਾਨੀਆਂ ਦੱਸ ਦਿਤੀਆਂ ਗਈਆਂ ਹਨ ਕਿ ਜਿਸ ਪੁਰਸ਼ ਨੂੰ 'ਸੰਤ' ਕਹਿੰਦੇ ਹਾਂ ਉਹਦਾ ਰਹਿਣਾ, ਵਰਤ-ਵਿਹਾਰ, ਬੋਲ-ਚਾਲ, ਜੀਵਨ ਚਾਲ ਕਿਹੋ ਜਿਹੀ ਹੈ। ਆਪ ਜੀ ਫੁਰਮਾਨ ਕਰਦੇ ਹਨ -

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ*
*ਪੂਰਨੁ ਸੋਈ ਸੰਤੁ॥ ਅੰਗ - ੩੧੯*

ਇਕ ਹੋਰ ਥਾਂ ਫੁਰਮਾਨ ਹੈ -

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥*
*ਮਸਤਕਿ ਭਾਗੁ ਹੋਵੈ ਜਿਸੁ ਲਿਖਿਆ*
*ਸੋ ਗੁਰਮਤਿ ਹਿਰਦੈ*
*ਹਰਿ ਨਾਮੁ ਸਮਾਰਿ॥ ਅੰਗ - 1135*

ਭਗਤ ਰਵੀਦਾਸ ਜੀ ਨੇ ਅਜਿਹੇ ਮਹਾਂਪੁਰਸ਼ਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਇਆ ਹੈ ਕਿ ਹੇ ਵਾਹਿਗੁਰੂ! ਸੰਤ ਜੋ ਤੇਰਾ ਹੀ ਤਨ ਹਨ, ਜਿਨ੍ਹਾਂ ਦੀ ਸੰਗਤ ਤੇਰੇ ਪ੍ਰਾਣ (ਜੀਵਨ) ਹਨ, ਉਨ੍ਹਾਂ ਸੰਤਾਂ ਨੂੰ ਆਪਣੇ ਸਤਿਗੁਰੂ ਦੇ ਦਿਤੇ ਹੋਏ ਗਿਆਨ ਨਾਲ ਮੈਂ ਪਛਾਣਿਆ ਹੈ। ਹੇ ਦੇਵਤਿਆਂ ਦੇ ਦੇਵਤੇ (ਹਰੀ), ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੇ ਬਚਨਾਂ ਦਾ ਅਨੰਦ, ਸੰਤਾਂ ਦਾ ਪ੍ਰੇਮ ਦਿਓ। ਸੰਤਾਂ ਦੀ ਕਰਨੀ, ਸੰਤਾਂ ਦੀ ਰਹਿਣੀ (ਆਤਮਕ ਰਸਤਾ) ਮੈਨੂੰ ਦਿਓ ਅਤੇ ਕ੍ਰਿਪਾ ਕਰਕੇ ਸੰਤਾਂ ਦੇ ਸੇਵਕਾਂ ਦੀ ਸੇਵਾ ਦਿਓ। ਹੋਰ ਇਕ ਚੀਜ਼ ਮੰਗਦਾ ਹਾਂ - ਤੇਰੀ ਭਗਤੀ, ਜੋ ਸਾਰੀਆਂ ਇਛਿਆਂਵਾਂ ਪੂਰੀਆਂ ਕਰਨ ਵਾਲੀ ਮਣੀ ਹੈ। ਹੇ ਵਾਹਿਗੁਰੂ! ਮੈਨੂੰ ਜੋ ਤੈਥੋਂ ਭੁੱਲੇ ਹੋਏ **ਅਸੰਤ** ਅਤੇ ਪਾਪੀ ਹਨ, ਉਨ੍ਹਾਂ ਦੇ ਮੈਨੂੰ ਕਦੇ ਵੀ ਦਰਸ਼ਨ ਨਾ ਦਿਖਾਈਂ। ਰਵਿਦਾਸ ਜੀ ਕਹਿੰਦੇ ਹਨ ਕਿ ਉਹ ਸਿਆਣਾ ਹੈ ਜੋ ਅੱਛੀ ਤਰ੍ਹਾਂ ਨਾਲ ਜਾਣਦਾ ਹੈ ਕਿ ਸੰਤਾਂ ਅਤੇ ਬੇਅੰਤ ਨਿਰੰਕਾਰ ਵਿਚ ਕੋਈ ਫਰਕ ਨਹੀਂ -

*ਸੰਤ ਤੁਝੀ ਤਨੁ ਸੰਗਤਿ ਪ੍ਰਾਨ॥*
*ਸਤਿਗੁਰ ਗਿਆਨ ਜਾਨੈ*
*ਸੰਤ ਦੇਵਾ ਦੇਵ॥*
*ਸੰਤ ਚੀ ਸੰਗਤਿ ਸੰਤ ਕਥਾ ਰਸੁ*
*ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥*
*ਸੰਤ ਆਚਰਣ ਸੰਤ ਚੋ ਮਾਰਗੁ*
*ਸੰਤ ਚ ਓਲ੍ਹਗ ਓਲ੍ਹਗਣੀ॥*
*ਅਉਰ ਇਕ ਮਾਗਉ*
*ਭਗਤਿ ਚਿੰਤਾਮਣਿ॥*
*ਜਣੀ ਲਖਾਵਹੁ ਅਸੰਤ ਪਾਪੀਸਣਿ॥*
*ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥*
*ਸੰਤ ਅਨੰਤਹਿ ਅੰਤਰੁ ਨਾਹੀ॥*
*ਅੰਗ - ੪੮੬*

ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਲਈ ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ-

*ਹੋਹੁ ਕ੍ਰਿਪਾਲ ਸੁਆਮੀ ਮੇਰੇ*
*ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ*
*ਤਿਨ ਕਦੇ ਨ ਚੁਕਨਿ ਹਾਵੇ॥ ਅੰਗ - ੯੬੧*

ਸੋ ਇਕ ਹੋਰ ਥਾਂ ਫੁਰਮਾਨ ਹੈ ਕਿ ਸੰਤ ਦੀ ਇਹ ਨਿਸ਼ਾਨੀ ਹੈ ਜਿਸਨੂੰ ਮਿਲ ਕੇ ਭਵਜਲ ਤਰ ਜਾਈਦਾ ਹੈ, ਜਮ ਨੇੜੇ ਨਹੀਂ ਆਉਂਦਾ ਅਤੇ ਦੁਬਾਰਾ ਚਉਰਾਸੀ

ਦੇ ਚੱਕਰ ਵਿਚ ਪੈਣੋਂ ਬਚ ਜਾਈਦਾ ਹੈ। ਇਹ ਜੋ ਭਵਸਾਗਰ ਹੈ ਜਿਸਨੂੰ ਅਸੀਂ ਸੰਸਾਰ ਆਖਦੇ ਹਾਂ, ਇਹ ਬਿਹੁ ਦਾ ਭਰਿਆ ਹੋਣ ਕਰਕੇ, ਇਸ ਵਿਚ ਸਾਰੇ ਹੀ ਵਾਹਿਗੁਰੂ ਨੂੰ ਭੁੱਲ ਕੇ ਦੁਖੀ ਹਨ। ਇਸ ਬਿਖੜੇ ਭਵਜਲ ਵਿਚੋਂ ਗੁਰਮੁਖਾਂ ਦੀ ਸੰਗਤ ਕਰਕੇ ਤਰ ਜਾਈਦਾ ਹੈ। ਜਿਵੇਂ ਕਿ –

***ਸੰਤ ਸਰਨਿ ਜੋ ਜਨੁ ਪਰੈ***
***ਸੋ ਜਨੁ ਉਧਰਨਹਾਰ।।***
***ਸੰਤ ਕੀ ਨਿੰਦਾ ਨਾਨਕਾ***
***ਬਹੁਰਿ ਬਹੁਰਿ ਅਵਤਾਰ।।***

***ਅੰਗ – ੨੭੯***

ਗੁਰੂ ਸਾਹਿਬ ਵਲੋਂ ਇਹ ਵੀ ਫੁਰਮਾਨ ਹੈ ਕਿ ਜਿਹੜੇ ਪ੍ਰੇਮੀ ਹਰ ਸਮੇਂ ਰਾਗ, ਦ੍ਵੈਸ਼, ਆਪਣੇ–ਬਿਗਾਨੇ, ਵੈਰ, ਵਿਰੋਧ, ਲਾਲਚ ਵਿਚ ਫਸੇ ਹੋਏ ਆਪਣੇ ਵਾਸਤੇ ਹੀ ਸੋਚਦੇ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਗਿਆਨ ਨਾ ਹੋਣ ਕਰਕੇ ਆਪਣਾ ਹੀ ਸੁਆਉ ਰਹਿੰਦਾ ਹੈ, ਦੂਸਰਿਆਂ ਦੀ ਨਿੰਦਿਆ ਵਿਚ, ਦੂਸਰਿਆਂ ਨੂੰ ਛੋਟਾ ਦਿਖਾਉਣ ਵਿਚ ਹਰ ਸਮੇਂ ਖਡਯੰਤਰ ਰਚਦੇ ਰਹਿੰਦੇ ਹਨ; ਅਜਿਹੇ ਭੇਖੀਆਂ, ਲਾਲਚੀਆਂ ਦੇ ਦਰਸ਼ਨ ਕੁਰਾਹੇ ਪਾਉਣ ਨੂੰ ਹਰ ਸਮੇਂ ਤਤਪਰ ਰਿਹਾ ਕਰਦੇ ਹਨ। ਗੁਰੂ ਮਹਾਰਾਜ ਦੀ ਵਾਰਨਿੰਗ ਹੈ ਕਿ ਅਜਿਹੇ ਪੁਰਸ਼ਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ –

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ।।***
***ਬਾਸਨੁ ਕਾਰੋ ਪਰਸੀਐ***
***ਤਉ ਕਛੁ ਲਾਗੈ ਦਾਗੁ।।*** ***ਅੰਗ–੧੩੭੧***

***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ।।***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ।।***

***ਅੰਗ – ੧੧੦੨***

ਕਿਉਂਕਿ ਗੁਰਮੁਖਾਂ, ਸੰਤਾਂ, ਸਾਧੂਆਂ, ਫਕੀਰਾਂ, ਆਰਫਾਂ, ਬ੍ਰਹਮਗਿਆਨੀਆਂ ਅਤੇ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਹੋਈਆਂ ਮੁਕਤ ਆਤਮਾਵਾਂ ਦੀ ਪਛਾਣ ਕਰਨੀ ਅਸਾਡੇ ਵਸ ਤੋਂ ਬਾਹਰ ਹੈ। ਇਸ ਲਈ ਗੁਰੂ ਮਹਾਰਾਜ ਜੀ ਨੇ ਸਾਨੂੰ ਕੁਝ guide lines ਦਿਤੀਆਂ ਹਨ, ਜਿਨ੍ਹਾਂ ਨੂੰ ਧਿਆਨ ਨਾਲ ਵਿਚਾਰਿਆਂ ਅਸਾਨੂੰ ਅਜਿਹੇ ਵਿਅਕਤੀਆਂ ਦੀ ਪਛਾਣ ਹੋਣ ਦੀ ਸੰਭਾਵਨਾ ਹੋ ਸਕਦੀ ਹੈ; ਕਿਉਂਕਿ ਸਾਡੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਰ ਸਮੇਂ ਸਾਨੂੰ ਸੁਚੇਤ ਕਰਦੇ ਹੋਏ ਅਜਿਹੀਆਂ ਮੁਕਤ ਆਤਮਾਵਾਂ, ਪ੍ਰਵਾਨ ਰੂਹਾਂ, ਪੰਚ ਪਰਵਾਨਾਂ ਪਾਸ ਭੇਜਣ ਦੀ ਤਾਕੀਦ ਕਰਦੇ ਹਨ ਅਤੇ ਬਾਣੀ ਦਾ ਹੁਕਮ ਮੰਨ ਕੇ ਅਸਾਨੂੰ ਹਰ ਸਮੇਂ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਹੈ। ਹੇਠਾਂ ਇਕ–ਇਕ ਬਚਨ ਸੰਤ ਰਹਿਤ ਦਾ, ਸੰਤ ਆਚਰਣ ਦਾ, ਸੰਤ ਸੋਚ ਦਾ; ਵਿਚਾਰ ਸਹਿਤ ਅੰਕਿਤ ਕੀਤਾ ਜਾਂਦਾ ਹੈ, ਧਿਆਨ ਨਾਲ ਵਿਚਾਰੋ ਅਤੇ ਨਿਰਣਾ ਲੈਣ ਦਾ ਜਤਨ ਕਰੋ –

***ਆਠ ਪਹਰ ਨਿਕਟਿ ਕਰਿ ਜਾਨੈ।।***

***ਅੰਗ – ੩੯੨***

ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ ਅਤੇ ਇਸ ਸੰਸਾਰ ਵਿਚ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਗੈਰ ਨਹੀਂ ਹੈ ਪਰ ਦਿਸਦਾ ਕਿਉਂ ਨਹੀਂ? ਇਸ ਲਈ ਅਸਾਨੂੰ ਗੁਰਬਾਣੀ ਵਿਚੋਂ ਸੰਕੇਤ ਮਿਲਦਾ ਹੈ ਕਿ ਮਨਮੁਖਾਂ, ਸਾਕਤਾਂ, ਖੁਦਗਰਜ਼ਾਂ ਦੇ ਨੇਤਰਾਂ ਉਪਰ ਅਗਿਆਨ ਦਾ ਮੋਤੀਆਬਿੰਦ ਹੋਣ ਕਰਕੇ ਨਾਲ ਰਹਿੰਦਾ ਵਾਹਿਗੁਰੂ ਨਹੀਂ ਦਿਸਦਾ। ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਨੇਤ੍ਰ ਬਖਸ਼ ਦਿਤੇ ਹਨ, ਦਿਬਯ ਨੇਤਰਾਂ ਦਾ ਪ੍ਰਕਾਸ਼ ਅੰਦਰ ਹੋ ਗਿਆ ਹੈ, ਉਨ੍ਹਾਂ ਨੂੰ ਇਹ ਸਾਰਾ ਸੰਸਾਰ ਹੀ ਵਾਹਿਗੁਰੂ ਦਾ ਰੂਪ ਹੋ ਕੇ ਨਜ਼ਰ ਆਉਂਦਾ ਹੈ, ਜੋ ਇਸ ਸੰਸਾਰ ਦੀ ਅਸਲ ਮੂਰਤਿ ਹੈ।

***ਗੁਰਹਿ ਦਿਖਾਇਓ ਲੋਇਨਾ।।***
***ਈਤਹਿ ਊਤਹਿ***
***ਘਟਿ ਘਟਿ ਘਟਿ ਘਟਿ।।***
***ਤੂੰਹੀ ਤੂੰਹੀ ਮੋਹਿਨਾ।।*** ***ਅੰਗ – ੪੦੭***

***ਏ ਨੇਤ੍ਰਹੁ ਮੇਰਿਹੋ***
***ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ।।***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ।।***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ।।***
***ਗੁਰ ਪਰਸਾਦੀ ਬੁਝਿਆ***
***ਜਾ ਵੇਖਾ ਹਰਿ ਇਕੁ ਹੈ***
***ਹਰਿ ਬਿਨੁ ਅਵਰੁ ਨ ਕੋਈ।।***
***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ***
***ਦਿਬ ਦ੍ਰਿਸਟਿ ਹੋਈ।।*** ***ਅੰਗ – ੯੨੨***

ਕਿਉਂਕਿ ਸੰਤਾਂ ਦੇ ਹਿਰਦੇ ਵਿਚੋਂ ਅਗਿਆਨ ਦਾ ਪੂਰਨ ਤੌਰ ਉਪਰ ਅਭਾਵ ਹੋ ਚੁਕਿਆ ਹੁੰਦਾ ਹੈ, ਉਨ੍ਹਾਂ ਨੂੰ ਸਾਰੇ ਚੰਗੇ-ਮੰਦੇ, ਪ੍ਰਮੇਸ਼ਰ ਰੂਪ ਹੋ ਕੇ ਦਿਸਦੇ ਹਨ। ਦ੍ਵੈਤ ਦਾ ਮੋਤੀਆਬਿੰਦ ਪੂਰਨ ਰੂਪ ਵਿਚ ਦੂਰ ਹੋ ਚੁਕਿਆ ਹੁੰਦਾ ਹੈ। ਉਹ ਜਿਧਰ ਵੀ ਦੇਖਦੇ ਹਨ ਉਨ੍ਹਾਂ ਨੂੰ ਇਕੋ ਰੂਪ ਨਜ਼ਰ ਆਉਂਦਾ ਹੈ। ਜਿਵੇਂ ਕਿ ਫੁਰਮਾਨ ਹੈ-

*ਏਕ ਮਹਲਿ ਤੂੰ ਹੋਹਿ ਅਫਾਰੋ*
*ਏਕ ਮਹਲਿ ਨਿਮਾਨੋ॥*
*ਏਕ ਮਹਲਿ ਤੂੰ ਆਪੇ ਆਪੇ*
*ਏਕ ਮਹਲਿ ਗਰੀਬਾਨੋ॥*
*ਏਕ ਮਹਲਿ ਤੂੰ ਪੰਡਿਤੁ ਬਕਤਾ*
*ਏਕ ਮਹਲਿ ਖਲੁ ਹੋਤਾ॥*
*ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ*
*ਏਕ ਮਹਲਿ ਕਛੂ ਨ ਲੇਤਾ॥*
*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ*
*ਖਿਲਾਵਨਹਾਰੋ ਜਾਨੈ॥*
*ਜੈਸਾ ਭੇਖੁ ਕਰਾਵੈ ਬਾਜੀਗਰੁ*
*ਓਹੁ ਤੈਸੋ ਹੀ ਸਾਜੁ ਆਨੈ॥*
*ਅਨਿਕ ਕੋਠਰੀ ਬਹੁਤੁ ਭਾਤਿ ਕਰੀਆ*
*ਆਪਿ ਹੋਆ ਰਖਵਾਰਾ॥*
*ਜੈਸੇ ਮਹਲਿ ਰਾਖੈ ਤੈਸੈ ਰਹਨਾ*
*ਕਿਆ ਇਹੁ ਕਰੈ ਬਿਚਾਰਾ॥*
*ਜਿਨਿ ਕਿਛੁ ਕੀਆ ਸੋਈ ਜਾਨੈ*
*ਜਿਨਿ ਇਹ ਸਭ ਬਿਧਿ ਸਾਜੀ॥*
*ਕਹੁ ਨਾਨਕ ਅਪਰੰਪਰ ਸੁਆਮੀ*
*ਕੀਮਤਿ ਅਪੁਨੇ ਕਾਜੀ॥*

*ਅੰਗ - ੨੦੬*

ਗੁਰੂ ਦਸ਼ਮੇਸ਼ ਪਿਤਾ ਜੀ ਇਸ ਸਾਰੇ ਸੰਸਾਰ ਵਿਚ ਅਨੇਕਤਾ ਵਿਚ ਇਕ ਨੂੰ ਜਣਾਉਂਦੇ ਹੋਏ ਫੁਰਮਾਨ ਕਰਦੇ ਹਨ -

*ਜੈਸੇ ਏਕ ਆਗ ਤੇ*
*ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ,*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ,*
*ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ*
*ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ,*
*ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ,*
*ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ,*
*ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ,*
*ਸਬੈ ਤਾਹੀ ਮੈ ਸਮਾਹਿੰਗੇ॥ (ਅਕਾਲ ਉਸਤਤਿ)*

ਸੋ ਇਸ ਕਰਕੇ ***'ਆਠ ਪਹਰ ਨਿਕਟਿ ਕਰਿ ਜਾਨੈ॥'*** ਇਹ ਸੰਤਾਂ ਦੀ ਰਹਿਤ ਦਾ ਪਹਿਲਾ ਅੰਗ ਹੁੰਦਾ ਹੈ, ਇਸ ਉਪਰ ਇਕ ਸਾਖੀ ਆਉਂਦੀ ਹੈ-

ਅਨੰਦਪੁਰ ਸਾਹਿਬ ਵਿਚ ਗੁਰ ਦਸ਼ਮੇਸ਼ ਪਿਤਾ ਜੀ ਵੇਲੇ ਭਿਆਨਕ ਯੁੱਧ ਛਿੜਿਆ ਹੋਇਆ ਹੈ, ਘੇਰਾ ਬਹੁਤ ਜ਼ਬਰਦਸਤ ਪਿਆ ਹੋਇਆ ਹੈ। ਕਈ ਮਹੀਨੇ ਇਸ ਜੰਗ ਨੂੰ ਲੱਗਿਆਂ ਬੀਤ ਚੁਕੇ ਹਨ। ਆਪਸ ਵਿਚ ਫੌਜਾਂ ਦੀਆਂ ਝੜੱਪਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਯੁੱਧਾਂ ਵਿਚ ਇਕ ਪ੍ਰੇਮੀ ਜਿਸਦਾ ਨਾਮ ਭਾਈ ਘਨਈਆ ਸੀ, ਉਹ ਬਿਨਾਂ ਵਿਤਕਰੇ ਸਭਨਾਂ ਪਿਆਸਿਆਂ ਨੂੰ ਪਾਣੀ ਪਿਲਾ ਰਿਹਾ ਸੀ। ਦੋਹਾਂ ਫੌਜਾਂ ਵਿਚੋਂ ਕੋਈ ਵੀ ਉਸ ਉਪਰ ਨਾ ਰਾਈਫਲ ਦਾ ਵਾਰ ਕਰਦਾ ਸੀ, ਨਾ ਤੀਰ ਦਾ ਵਾਰ ਕਰਦਾ ਸੀ ਅਤੇ ਨਾ ਹੀ ਤਲਵਾਰ ਤੇ ਨੇਜ਼ੇ ਨਾਲ ਉਸਨੂੰ ਮਾਰਨ ਦਾ ਕੋਈ ਫੁਰਨਾ ਕਰਦਾ ਸੀ। ਸਿੰਘਾਂ ਨੇ ਗੁਰੂ ਮਹਾਰਾਜ ਜੀ ਪਾਸ ਉਸਦੇ ਕਿਰਦਾਰ ਦੀ ਸ਼ਿਕਾਇਤ ਕੀਤੀ ਤਾਂ ਉਸਨੂੰ ਬੁਲਾ ਕੇ ਪੁਛਿਆ ਗਿਆ ਕਿ ਤੂੰ ਕਿਸਨੂੰ ਪਾਣੀ ਪਿਲਾਉਂਦਾ ਹੈਂ? ਉਹ ਮਹਾਂਪੁਰਸ਼ ਪੂਰਨ ਗਿਆਨਵਾਨ ਪ੍ਰਭੂ ਨੂੰ ਸਰਗੁਣ ਅਤੇ ਨਿਰਗੁਣ ਵਿਚ ਪ੍ਰਤੱਖ ਦੇਖਣ ਵਾਲਾ ਹਰ ਥਾਂ ਉਪਰ ਸਤਿਗੁਰੂ ਦੀ ਅਜ਼ਲੀ ਜੋਤਿ ਦਾ ਪਸਾਰਾ, ਸਰਬ ਬ੍ਰਹਿਮੰਡ ਵਿਚ ਅਖੰਡ ਬਿਰਤੀ ਰਾਹੀਂ ਤਕਦਾ ਰਹਿੰਦਾ ਸੀ। ਉਸ ਵਿਚੋਂ ਆਪਣੀ ਹਉਂ ਦਾ ਪੂਰਨ ਰੂਪ ਵਿਚ ਅਭਾਵ ਸੀ ਅਤੇ ਦੂਜਾ ਦ੍ਰਿਸ਼ਟੀ ਨਹੀਂ ਆਉਂਦਾ ਸੀ। ਉਸ ਲਈ ਨਾ ਕੋਈ ਵੈਰੀ ਸੀ, ਨਾ ਕੋਈ ਮਿੱਤਰ ਸੀ; ਉਹ ਨਿਹਚਲ ਚਿਤ ਪੂਰਨ ਤੌਰ ਤੇ ਬ੍ਰਹਮਲੀਨ ਮੂਰਤ ਸੀ। ਇਹ ਪੁੱਛਣ ਤੇ ਕਿ ਪਾਣੀ ਕਿਸਨੂੰ ਪਿਲਾਉਂਦਾ ਹੈਂ? ਆਪ ਨੇ ਉਤਰ ਦਿਤਾ ਕਿ ਹੇ ਪ੍ਰਭੂ! ਤੇਰੇ ਬਗੈਰ ਸੰਸਾਰ ਵਿਚ ਹੋਰ ਕੋਈ ਹੈ ਨਹੀਂ। ਸੋ ਮੈਂ ਤੇਰੇ ਬਿਨਾਂ ਕਿਸੇ ਨੂੰ ਪਾਣੀ ਨਹੀਂ ਪਿਲਾ ਰਿਹਾ। ਪੀਣ ਵਾਲਾ ਵੀ ਤੂੰ ਹੈ ਤੇ ਪਿਲਾਉਣ ਵਾਲਾ ਵੀ ਤੂੰ; ਜਿਧਰ ਦੇਖਦਾ ਹਾਂ ਤੇਰੇ ਸਰਗੁਣ ਰੂਪ ਤੇ ਨਿਰਗੁਣ ਜੋਤਿ ਦੀ ਮਹਿਮਾ ਪਸਰ ਰਹੀ ਹੈ।

*'ਚਲਦਾ............।'*

# ਜਿਨ ਹਰਿ ਜਪਿਆ ਸੇ ਹਰਿ ਹੋਏ......॥

## (ਪਿਆਰੇ ਮਹਾਂਪੁਰਸ਼ਾਂ ਦੇ ਆਗਮਨ ਦਿਵਸ ਨੂੰ ਸਮਰਪਿਤ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

*ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥*
*ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥*
*ਅੰਗ- ੬੧੪*

*ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥*
*ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯ੍ਤੇ ॥*
*ਅੰਗ- ੧੩੬੦*

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥ ੧ ॥*
*ਹੰਉ ਕੁਰਬਾਨੈ ਜਾਉ ਮਿਹਰਵਾਨਾ*
*ਹੰਉ ਕੁਰਬਾਨੈ ਜਾਉ ॥*
*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥*
*ਲੈਨਿ ਜੋ ਤੇਰਾ ਨਾਉ ਤਿਨਾ ਕੈ*
*ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥*
*ਕਾਇਆ ਰੰਙਣਿ ਜੇ ਥੀਐ ਪਿਆਰੇ*
*ਪਾਈਐ ਨਾਉ ਮਜੀਠ ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥*
*ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥*
*ਧੂੜਿ ਤਿਨਾ ਕੀ ਜੇ ਮਿਲੈ ਜੀ*
*ਕਹੁ ਨਾਨਕ ਕੀ ਅਰਦਾਸਿ ॥ ੩ ॥*
*ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥*
*ਨਾਨਕ ਕਾਮਣਿ ਕੰਤੈ ਭਾਵੈ*
*ਆਪੇ ਹੀ ਰਾਵੇਇ ॥ ੪ ॥ ੧ ॥ ੩ ॥ ਅੰਗ - ੭੨੨*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ ਸਭ ਮਾਈ-ਭਾਈ ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸੀਸ ਝੁਕਾਈਏ, ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ -

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਅੱਜ ਗੁਰੂ ਪਿਆਰੀਆਂ ਸੰਗਤਾਂ ਇਸ ਪਾਵਨ ਅਸਥਾਨ 'ਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ, ਆਪਣੇ ਪਿਆਰੇ ਮਹਾਂਪੁਰਸ਼ਾਂ ਦਾ ਪਵਿੱਤਰ ਆਗਮਨ ਦਿਹਾੜਾ, ਪਿਆਰ, ਸ਼ਰਧਾ ਦੇ ਨਾਲ ਮਨਾ ਰਹੀਆਂ ਹਨ। ਅੰਮ੍ਰਿਤ ਵੇਲੇ ਤੋਂ ਹੀ ਸਾਰੀਆਂ ਸੰਗਤਾਂ ਗੁਰਬਾਣੀ ਨਾਲ ਜੁੜੀਆਂ ਹਨ। ਐਸੇ ਪਿਆਰੇ ਮਹਾਂਪੁਰਸ਼, ਜਿਨ੍ਹਾਂ ਦੇ ਬਾਰੇ ਗੁਰਬਾਣੀ ਦਾ ਫੁਰਮਾਨ ਹੈ -

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥*
*ਅੰਗ - ੩੨੨*

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ*
*ਸਿਉ ਲੈਨਿ ਮਿਲਾਏ ॥ ਅੰਗ- ੭੪੯*

ਸੰਸਾਰ ਜਨਮ ਵਿਚ ਹੈ, ਮਰਨ ਵਿਚ ਹੈ। ਵਾਹਿਗੁਰੂ ਦੇ ਪਿਆਰੇ - 'ਜਨਮ ਮਰਣ ਦੁਹਹੂ ਮਹਿ ਨਾਹੀ ' ਇਸ ਤੋਂ ਉਪਰ ਹਨ। ਉਹ ਵਾਹਿਗੁਰੂ ਦੇ ਭੇਜੇ ਹੋਏ ਸੰਸਾਰ 'ਤੇ ਆਉਂਦੇ ਨੇ ਤੇ ਜੋ ਸੰਸਾਰ ਮੋਹ ਮਾਇਆ ਦੀ ਨੀਂਦ ਵਿਚ ਘੂਕ ਸੁੱਤਾ ਹੈ, ਉਸ ਸੁੱਤੇ ਸੰਸਾਰ ਨੂੰ ਸ਼ਬਦ ਗੁਰੂ ਨਾਲ ਜੋੜਦੇ ਹਨ, ਜਗਾਉਂਦੇ ਹਨ ਤੇ ਹੁਕਮ ਦੇ ਵਿਚ ਹੀ ਉਹ ਪੰਜ ਭੂਤਕ ਸਰੀਰ ਦਾ ਤਿਆਗ ਕਰਦੇ ਹਨ। ਦਾਸ ਕਈ ਵਾਰ ਬੇਨਤੀ ਕਰਦਾ ਹੈ ਕਿ ਇਹ ਜਿਹੜੇ ਦਿਹਾੜੇ ਹਨ ਜਿਵੇਂ ਆਮ ਆਪਾਂ ਸਮਝਦੇ ਹਾਂ ਕਿ ਜਿਹੜਾ ਜਨਮ ਦਿਹਾੜਾ ਹੈ, ਉਹ ਖੁਸ਼ੀ ਦਾ ਦਿਹਾੜਾ ਹੁੰਦਾ ਹੈ ਅਤੇ ਜਿਹੜਾ ਇਸ ਦੇ ਉਲਟ, ਜਾਣ ਵਾਲਾ ਦਿਹਾੜਾ ਹੈ, ਉਹ ਖੁਸ਼ੀਆਂ ਦੇ ਉਲਟ ਹੈ ਪਰ ਵਿਚਾਰ ਕਰੀਏ। ਇਹ ਦਿਹਾੜੇ ਮਨਾਉਣ ਦਾ ਕੀ ਲਾਭ ਹੈ? ਕਿਉਂ ਮਨਾਏ ਜਾਂਦੇ ਨੇ? ਇਹ ਦਿਹਾੜੇ ਵੀ ਵੈਰਾਗ ਵਿਚ ਹੀ ਹੁੰਦੇ ਹਨ। ਜੋ ਸਾਨੂੰ ਉਹਨਾਂ ਨੇ ਉਪਦੇਸ਼ ਦਿਤਾ ਹੈ, ਉਸ ਉਪਦੇਸ਼ ਨੂੰ ਅਸੀਂ ਹਿਰਦੇ ਵਿਚ ਵਸਾ ਸਕੀਏ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ- ੭੪੭*

ਸੋ ਬਚਨਾਂ ਦੀ ਕਮਾਈ ਕਰੀਏ। ਆਮ ਅਸੀਂ ਸ਼ਬਦ ਸੁਣਦੇ ਹਾਂ, ਪੜ੍ਹਦੇ ਹਾਂ, ਧੂੜੀ ਦਾ ਸ਼ਬਦ। ਇਕ ਚਰਨ ਧੂੜ ਹੁੰਦੀ ਹੈ, ਇਕ ਬਚਨਾਂ ਦੀ ਧੂੜੀ ਹੁੰਦੀ ਹੈ। ਸੋ ਜਿਹੜੀ ਬਚਨਾਂ ਦੀ ਧੂੜੀ ਹੈ ਇਹ ਵੱਡੀ ਹੈ - ***'ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥'*** ਸੋ ਇਹ ਦਿਹਾੜੇ ਮਨਾਉਣ ਦਾ ਭਾਵ ਹੀ ਇਹ ਹੈ ਕਿ ਜੋ ਸਤਿਪੁਰਸ਼ਾਂ ਨੇ, ਆਪਣੇ ਜੀਵਨ ਵਿਚ ਕਮਾਇਆ ਹੈ, ਸੰਗਤਾਂ

ਨੂੰ ਵਰਤਾਇਆ ਹੈ, ਉਹ ਗੁਰੂ ਦਾ ਉਪਦੇਸ਼, ਗੁਰੂ ਦੇ ਬਚਨ, ਅਸੀਂ ਹਿਰਦੇ ਵਿਚ ਸੰਭਾਲੀਏ ਕਿਉਂਕਿ ਮਹਾਂਪੁਰਸ਼ਾਂ ਦਾ ਸਾਰਾ ਜੀਵਨ ਹੀ ਐਸਾ ਹੈ। ਇਹ ਨਹੀਂ ਕਿ ਕਿਸੇ ਸਮੇਂ ਜਾ ਕੇ ਉਹਨਾਂ ਨੂੰ ਬ੍ਰਹਮ ਗਿਆਨ ਹੋਇਐ। ਇਸ ਸੰਸਾਰ 'ਤੇ ਆਉਣ ਤੋਂ ਪਹਿਲਾਂ ਦੀਆਂ ਕਮਾਈਆਂ ਕਰਕੇ ਉਸ ਅਵਸਥਾ ਨੂੰ ਪ੍ਰਾਪਤ ਨੇ। ਵਾਹਿਗੁਰੂ ਦੇ ਹੁਕਮ ਵਿਚ ਇਸ ਸੰਸਾਰ 'ਤੇ ਆਏ। ਸਾਰਾ ਜੀਵਨ ਹੀ ਵਿਛੜੀਆਂ ਰੂਹਾਂ ਨੂੰ ਨਾਮ ਬਾਣੀ ਨਾਲ ਜੋੜਦੇ ਰਹੇ। ਅੱਜ ਅੰਮ੍ਰਿਤ ਵੇਲੇ ਤੋਂ ਸੰਗਤਾਂ ਜੁੜੀਆਂ ਹਨ। ਪਹਿਲਾਂ ਜੋ ਇਸ ਇਲਾਕੇ ਦੇ ਲੋਕਲ ਜਥੇ ਆਉਂਦੇ ਨੇ, ਉਹਨਾਂ ਨੇ ਥੋੜ੍ਹਾ-ਥੋੜ੍ਹਾ ਸਮਾਂ ਲਾ ਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ ਹੈ। ਸੋ ਕੋਸ਼ਿਸ਼ ਹੁੰਦੀ ਹੈ ਕਿ ਜਿੰਨੇ ਵੀ ਜਥੇ ਆਉਣ, ਉਹਨਾਂ ਸਾਰਿਆਂ ਜਥਿਆਂ ਦੇ ਦਰਸ਼ਨ ਸੰਗਤਾਂ ਨੂੰ ਕਰਾਏ ਜਾਣ ਤੇ ਉਹ ਸੰਗਤਾਂ ਦੇ ਦਰਸ਼ਨ ਕਰਨ। ਕਿਉਂਕਿ ਮਹਾਂਪੁਰਸ਼ਾਂ ਦਾ ਇਹ ਸਾਰਾ ਪਰਿਵਾਰ ਹੈ। ਜਿਥੇ ਸੰਗਤ ਬੇਅੰਤ ਹੈ, ਉਥੇ ਜਥੇ ਵੀ ਬਹੁਤ ਹਨ। ਸੋ ਜੋ ਆਪ ਨੇ ਸੁਣਿਆ ਹੈ, ਉਹ ਮਹਾਂਪੁਰਸ਼ਾਂ ਦੇ ਬਚਨ ਹੀ ਹਨ। ਜਿਵੇਂ-ਜਿਵੇਂ ਕਿਸੇ ਦੇ ਹਿਰਦੇ 'ਚ ਵਸੇ ਨੇ, ਉਸੇ ਤਰ੍ਹਾਂ ਉਹਨਾਂ ਨੇ ਆਪ ਜੀ ਨੂੰ ਦਸਿਆ ਹੈ ਤੇ ਇਹ ਦਿਹਾੜਾ ਮਨਾਉਣ ਦਾ ਭਾਵ ਹੀ ਇਹ ਹੈ ਕਿ ਅਸੀਂ ਸਤਿਪੁਰਸ਼ਾਂ ਦੇ ਬਚਨ ਜਿਹੜੇ ਹਨ, ਉਹ ਕਮਾਈਏ ਤਾਂ ਕਿ ਆਪਣੇ ਸਵਾਸਾਂ ਨੂੰ ਅਸੀਂ ਲੇਖੇ ਦੇ ਵਿਚ, ਸਾਧਸੰਗਤ ਜੀ, ਲਾ ਸਕੀਏ। ਸੋ ਆਪ ਜੀ ਨੇ ਦਾਸ ਤੋਂ ਪਹਿਲਾਂ ਬਾਬਾ ਹਰਪਾਲ ਸਿੰਘ ਜੀ ਤੋਂ ਪਿਆਰ, ਵੈਰਾਗ ਦੇ ਬਚਨ ਸਰਵਣ ਕੀਤੇ ਹਨ। ਪਿਆਰੇ ਮਹਾਂਪੁਰਸ਼, ਜਿਹਨਾਂ ਦਾ ਆਪਾਂ ਸਾਰੇ ਰਲ ਮਿਲ ਕੇ, ਆਗਮਨ ਦਿਹਾੜਾ ਮਨਾ ਰਹੇ ਹਾਂ, ਉਹ ਕੇਵਲ ਇਥੇ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਇਹ ਦਿਹਾੜਾ ਮਨਾਇਆ ਜਾਂਦਾ ਹੈ। ਉਹਨਾਂ ਦਾ ਜੀਵਨ ਇਕ ਸੂਰਜ ਦੀ ਨਿਆਈਂ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹ ਕਾਹਦੇ ਵਾਸਤੇ ਆਉਂਦੇ ਨੇ। ਇਕ ਪਾਸੇ ਸੰਸਾਰ ਹੈ, ਸੰਸਾਰ ਜਨਮ-ਮਰਨ ਵਿਚ ਹੈ। ਵਾਹਿਗੁਰੂ ਦੇ ਪਿਆਰੇ ਇਸ ਤੋਂ ਉਪਰ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥* *ਅੰਗ - ੭੪੯*

ਉਹ ਸੰਸਾਰ ਦੇ ਉਤੇ ਪਰਉਪਕਾਰ ਵਾਸਤੇ ਆਉਂਦੇ ਹਨ। ਸਭ ਤੋਂ ਵੱਡਾ ਪਰਉਪਕਾਰ ਕਿਹੜਾ ਹੈ? ਭਾਵੇਂ ਪਰਉਪਕਾਰ ਹੋਰ ਵੀ ਬਹੁਤ ਹਨ, ਪਰ ਸਤਿਗੁਰ ਸੱਚੇ ਪਾਤਸ਼ਾਹ ਜੀ ਕਹਿੰਦੇ - ***'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ '*** ਕਿਉਂਕਿ ਇਹ ਜਿਹੜਾ ਸੰਸਾਰ ਹੈ, ਜੀਵ ਹਨ, ਇਹ ਪਰਮੇਸ਼ਰ ਨਾਲੋਂ, ਵਾਹਿਗੁਰੂ ਨਾਲੋਂ, ਵਿਛੜ ਕੇ, ਜੂਨਾਂ 'ਚ ਭਟਕ ਰਹੇ ਹਨ। ਅਗਿਆਨ ਵਿਚ ਪੈ ਕੇ ਦੁਖ ਭੋਗ ਰਹੇ ਹਨ। ਬਾਰ-ਬਾਰ ਜਨਮ ਹੈ, ਬਾਰ-ਬਾਰ ਮਰਨ ਹੈ ਤੇ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਸੰਸਾਰ 'ਤੇ ਆਉਂਦੇ ਨੇ, ਉਹ ਸਭ ਤੋਂ ਵੱਡਾ ਇਹ ਪਰਉਪਕਾਰ ਕਰਦੇ ਨੇ ਕਿ - ***'ਜੀਅ ਦਾਨੁ ਦੇ ਭਗਤੀ ਲਾਇਨਿ'*** ਪਿਆਰੇ ਮਹਾਂਪੁਰਸ਼ਾਂ ਦਾ ਇਹ ਬਚਨ ਹੈ ਕਿ ਜਿਥੇ ਮਹਾਂਪੁਰਸ਼ ਸੰਸਾਰ 'ਤੇ ਹੋਰ ਪਰਉਪਕਾਰ ਕਰਦੇ ਨੇ ਉਥੇ ਸਭ ਤੋਂ ਵੱਡਾ ਜੋ ਪਰਉਪਕਾਰ ਹੈ, ਉਹ ਹੈ ਕਿ ਜੀਵਾਂ ਨੂੰ ਨਾਮ ਦੇ ਨਾਲ ਜੋੜਨਾ। ਸ਼ਬਦ ਨਾਲ ਜੋੜਨਾ, ਇਹ ਵੱਡਾ ਪਰਉਪਕਾਰ ਹੈ।-

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

ਇਹ ਦਰਗਾਹ ਤੋਂ ਡਿਊਟੀ ਉਹਨਾਂ ਦੀ ਲੱਗੀ ਹੈ ਕਿਉਂਕਿ ਉਹਨਾਂ ਨੇ ਆਪ ਜਪਿਆ ਹੈ ਪਹਿਲਾਂ-

*ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥* *ਅੰਗ- ੨੯੦*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਕਥਨੀ ਪ੍ਰਧਾਨ ਨਹੀਂ, ਕਰਨੀ ਪ੍ਰਧਾਨ ਹੈ। ਉਹਨਾਂ ਨੇ ਪਹਿਲਾਂ ਆਪ ਕਮਾਈਆਂ ਕੀਤੀਆਂ ਨੇ। 16 ਸਾਲ ਦੀ ਉਮਰ ਵਿਚ ਰਾੜਾ ਸਾਹਿਬ ਸਾਹਿਬ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ) ਨੂੰ ਮਿਲੇ, ਜਿਹੜੇ ਉਥੇ ਬਚਨ ਹੋਏ ਸਨ, ਉਥੇ ਇਹ ਵੀ ਬਚਨ ਹੋਇਆ ਕਿ ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮੇਲ ਹੋਇਆ ਹੈ। ਸੋ ਐਸੇ ਸਤਿਪੁਰਸ਼, ਉਹ ਸੰਸਾਰ 'ਤੇ ਆਉਂਦੇ ਨੇ। ਇਹ ਜਿਹੜਾ ਸੰਸਾਰ ਹੈ, ਮੋਹ ਮਾਇਆ ਦੀ ਨੀਂਦ ਵਿਚ ਘੂਕ ਸੁੱਤਾ ਹੋਇਆ ਹੈ। ਇਸ ਸੁੱਤੇ ਸੰਸਾਰ ਨੂੰ ਜਗਾਉਣ ਵਾਸਤੇ ਆਉਂਦੇ ਨੇ। ਐਸੇ ਸਤਿਪੁਰਸ਼ਾਂ ਦੇ ਮਾਤਾ ਜੀ ਧੰਨ, ਪਿਤਾ ਜੀ ਧੰਨ ਕਿਉਂਕਿ ਸਤਿਗੁਰੂ ਦੀ ਬਾਣੀ ਦਾ ਫੁਰਮਾਨ ਹੈ, ਸਭ ਤੋਂ ਪਹਿਲਾਂ ਆਪਾਂ ਸਤਿਪੁਰਸ਼ਾਂ ਦੇ ਮਾਤਾ ਜੀ ਨੂੰ ਨਮਸ਼ਕਾਰ ਕਰੀਏ, ਜਿਨ੍ਹਾਂ ਦੇ ਗ੍ਰਹਿ ਵਿਖੇ ਆਪ ਜੀ ਦਾ ਆਉਣਾ ਹੋਇਆ। ਜਥੇਦਾਰ ਬਾਬਾ ਕਰਤਾਰ ਸਿੰਘ ਜੀ, ਸਤਿਕਾਰਯੋਗ ਮਾਤਾ ਇੰਦ ਕੌਰ ਜੀ-

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥*
*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥*
*ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ਰਹਾਉ ॥*
*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥*
*ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥*

*ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥*
*ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥*
*ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥* *ਅੰਗ - ੪੮੮*

ਉਹ ਨਗਰ ਧਮੋਟ ਵੀ ਧੰਨ ਹੈ। ਧਮੋਟ ਨਗਰ 'ਤੇ ਵੱਡੀ ਬਖਸ਼ਿਸ਼, ਛੇਵੇਂ ਸਤਿਗੁਰੂ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਨੇ ਕੀਤੀ। ਮੀਰੀ ਪੀਰੀ ਦੇ ਮਾਲਕ ਜਿਨ੍ਹਾਂ ਦੇ ਚਰਨ ਪਏ ਤੇ ਧਮੋਟ ਨਗਰ ਦਾ ਕਣ-ਕਣ ਪਵਿੱਤਰ ਹੋਇਆ ਹੈ। ਉਹ ਪਾਵਨ ਅਸਥਾਨ ਛੇਵੇਂ ਪਾਤਸ਼ਾਹ ਮਹਾਰਾਜ ਦੇ ਪਿਆਰ ਵਿਚ ਬਣਿਆ ਹੋਇਆ ਹੈ। ਇਸ ਨਗਰ ਦੇ ਕਈ ਸ਼ਹੀਦ ਹੋਏ ਨੇ। ਜਿਨ੍ਹਾਂ ਨੇ ਧਰਮ ਵਾਸਤੇ, ਦੇਸ਼ ਵਾਸਤੇ, ਕੌਮ ਵਾਸਤੇ, ਆਪਣਾ-ਆਪ ਵਾਰਿਆ ਹੈ ਤੇ ਇਥੇ ਹੀ ਧਮੋਟ ਨਗਰ ਦੇ ਪਿਆਰੇ ਮਹਾਂਪੁਰਸ਼ ਬ੍ਰਹਮ ਗਿਆਨੀ, ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਹੋਏ। ਇਸ ਨਗਰ ਉਤੇ ਵਾਹਿਗੁਰੂ ਦੀ ਅਪਾਰ ਕ੍ਰਿਪਾ ਹੈ। ਇਕ ਹੈ ਸਰੀਰ ਦੀ ਉਮਰ ਕਿ ਐਨਾ ਚਿਰ ਇਥੇ ਰਹੇ, ਐਨਾ ਚਿਰ ਓਥੇ ਰਹੇ। ਉਸ ਦੇ ਨਾਲ ਹੈ ਕਿ ਚਾਹੇ ਆਪ ਜੀ ਸਿੰਧ ਵਿਚ ਗਏ, ਚਾਹੇ ਆਰਮੀ ਦੇ ਵਿਚ ਆਪ ਜੀ ਨੇ ਡਿਊਟੀ ਕੀਤੀ। ਚਾਹੇ ਸੈਕਟਰੀਏਟ ਵਿਚ ਡਿਊਟੀ ਕੀਤੀ। ਚਾਹੇ ਚਾਹੇ ਆਪ ਨੇ ਯੂ.ਪੀ ਵਿਚ ਫਾਰਮ 'ਚ ਆਪਣੇ ਹੱਥੀਂ ਸਾਰਾ ਕੰਮ ਕੀਤਾ ਪਰ ਜਿਥੇ ਵੀ ਗਏ ਨੇ ਉਥੇ ਹੀ ਵਿਛੜੀਆਂ ਰੂਹਾਂ ਨੂੰ ਨਾਮ ਦੇ ਨਾਲ ਜੋੜਿਆ ਹੈ ਕਿਉਂਕਿ ਜਿਹੜਾ ਇਹ ਸੰਸਾਰ ਹੈ, ਆਹ ਜਿਹੜੀ ਸੰਸਾਰ ਦੀ ਜਾਗ ਹੈ, ਇਹ ਹਉਮੈ ਦੀ ਜਾਗ ਹੈ ਕਿਉਂਕਿ ਕਈ ਮਨੁੱਖ ਕਹਿੰਦੇ ਹਨ ਕਿ ਜੇ ਅਸੀਂ ਸੁੱਤੇ ਹਾਂ, ਅਸੀਂ ਐਨਾ ਕੰਮ ਕੀਤਾ, ਐਨੀਆਂ ਪੜ੍ਹਾਈਆਂ ਕੀਤੀਆਂ, ਆਹ ਡਿਗਰੀਆਂ ਸਾਨੂੰ ਮਿਲੀਆਂ ਜਾਂ ਅਸੀਂ ਵਪਾਰ ਦੇ ਵਿਚ ਬੜੇ ਕਾਮਯਾਬ ਹੋਏ, ਅਸੀਂ ਆਹ ਬਣਾਇਆ, ਆਹ ਕੀਤਾ, ਅਸੀਂ ਸੁੱਤੇ ਕਿਵੇਂ ਹਾਂ? ਇਹ ਜਿਹੜੀ ਜਾਗ ਹੈ ਇਹ ਹਉਮੈ ਦੀ ਜਾਗ ਹੈ। ਇਹ ਅੰਦਰੋਂ ਸੁੱਤਾ ਹੈ, ਤੇ ਸਰੀਰ ਕਰਕੇ ਜਾਗਦਾ ਹੈ। ਜਿਹਦੇ ਬਾਰੇ ਸਾਹਿਬ ਕਹਿੰਦੇ ਨੇ -

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ*
*ਤਤੈ ਸਾਰ ਨ ਜਾਣੀ ॥*
*ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥*
*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - ੯੨੦*

ਆਹ ਜਿਹੜੀ ਜੀਵਨ ਰੂਪੀ ਰੈਣ ਹੈ। ਇਹ ਕਿਤੇ ਰਾਤ ਹੁੰਦੀ ਹੈ, ਆਪਾਂ ਕਹਿੰਦੇ ਹਾਂ ਕਿ ਸੂਰਜ ਡੁੱਬ ਗਿਆ, ਸੂਰਜ ਚੜ੍ਹ ਗਿਆ। ਵੈਸੇ ਤਾਂ ਸੂਰਜ ਚੜ੍ਹਿਆ ਰਹਿੰਦਾ ਹੈ, ਪਰ ਆਮ ਬੋਲੀ ਵਿਚ ਹੁੰਦੈ ਕਿ ਹੁਣ ਰਾਤ ਪੈ ਗਈ ਹੈ। ਜਦੋਂ ਧਰਤੀ ਦਾ ਪਾਸਾ ਸੂਰਜ ਦੇ ਉਲਟੇ ਪਾਸੇ ਹੁੰਦੈ, ਉਧਰ ਰਾਤ ਹੈ। ਜਿਧਰ ਸੂਰਜ ਦੀ ਰੋਸ਼ਨੀ ਪੈਂਦੀ ਹੈ ਉਧਰ ਦਿਨ ਹੈ। ਜਿਵੇਂ ਇਥੇ ਦਿਨ ਹੈ, ਅਮਰੀਕਾ 'ਚ ਇਸ ਵੇਲੇ ਰਾਤ ਹੈ। ਇਕ ਤਾਂ ਇਹ ਰਾਤ ਹੁੰਦੀ ਹੈ। ਦੂਸਰੀ ਰਾਤ ਕਿਹੜੀ ਹੈ? ਜੀਵਨ ਰੂਪੀ ਰੈਣ। ਸਾਰਾ ਜੀਵਨ ਹੀ ਮਹਾਰਾਜ ਨੇ ਰੈਣ ਮੰਨਿਆ ਹੈ। ਮਹਾਰਾਜ ਕਹਿੰਦੇ, ***'ਸੁਤਿਆ ਰੈਣਿ ਵਿਹਾਣੀ ॥'*** ਇਹਦੇ ਵਿਚ **ਕੇਵਲ ਮਨੁੱਖ ਹੀ ਨਹੀਂ ਕਿ ਸੁੱਤੇ ਰਹਿੰਦੇ ਨੇ ਬਲਕਿ ਜਿਹੜੇ ਦੇਵਤੇ ਨੇ ਇਹ ਵੀ ਆ ਜਾਂਦੇ ਨੇ ਇਹਦੇ ਵਿਚ ਪਿਆਰਿਓ - 'ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ' ਤਮੋ ਗੁਣ, ਰਜੋ ਗੁਣ ਤੇ ਸਤੋ ਗੁਣ; ਇਹਦੇ ਵਿਚ ਦੇਵਤੇ ਵੀ ਆ ਜਾਂਦੇ ਨੇ। ਸੰਸਾਰ ਕੀ ਹੈ? ਸੰਸਾਰ ਉਹ ਹੈ ਜੋ ਕਾਲ ਦੀ ਹੱਦ ਵਿਚ ਹੈ। ਉਹ ਸੰਸਾਰ ਹੈ ਤੇ ਕਾਲ ਦੀ ਹੱਦ ਵਿਚ ਵੱਡੇ-ਵੱਡੇ ਦੇਵਤੇ ਵੀ ਹਨ -**

*ਕਾਲ ਪਾਇ ਬ੍ਰਹਮਾ ਬਪੁ ਧਰਾ॥*
*ਕਾਲ ਪਾਇ ਸਿਵਜੂ ਅਵਤਾਰਾ॥*
*ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦*

**ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਆਪਣੇ ਬਚਨਾਂ ਵਿਚ ਕਹਿੰਦੇ ਨੇ -**

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਜਿਹੜੇ ਵਾਹਿਗੁਰੂ ਦੇ ਪਿਆਰੇ ਨੇ, ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਅਕਾਲ ਮੰਡਲ ਦੇ ਵਾਸੀ ਹੁੰਦੇ ਨੇ। ਇਹ ਫਰਕ ਹੈ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ - ੧੪੧੪*

ਉਹ ਸੰਸਾਰ ਵਿਚ ਰਹਿੰਦਿਆਂ ਵੀ ਅਕਾਲ ਮੰਡਲ ਦੇ ਵਾਸੀ ਨੇ। ਬਾਕੀ ਸਾਰਾ ਸੰਸਾਰ ਕਾਲ ਦੀ ਹੱਦ

ਵਿਚ ਹੈ। ਹੁਣ ਮਹਾਰਾਜ ਕਹਿੰਦੇ ਨੇ ਕਿ ਮੋਹ-ਮਾਇਆ ਦੀ ਨੀਂਦ ਵਿਚ ਇਸ ਪ੍ਰਕਾਰ ਸਾਰਾ ਸੰਸਾਰ ਜਿਹੜਾ ਹੈ, ਸੁੱਤਾ ਹੋਇਆ ਹੈ। ਹੁਣ ਜਗਾਏ ਕੌਣ? ਜਗਾ ਉਹ ਸਕਦੈ ਜਿਹੜਾ ਆਪ ਜਾਗਦੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਆਉਂਦੈ -

*ਸਤਿਗੁਰੁ ਜਾਗਤਾ ਹੈ ਦੇਉ ॥* *ਅੰਗ- ੪੭੯*

ਸਤਿਗੁਰੂ ਆਪ ਪ੍ਰਮੇਸ਼ਰ ਹੈ। ਸਤਿਗੁਰੂ ਦਾ ਨਿਰਗੁਣ ਸਰੂਪ ਵਾਹਿਗੁਰੂ ਹੈ। ਵਾਹਿਗੁਰੂ ਦਾ ਸਰਗੁਣ ਸਰੂਪ ਸਤਿਗੁਰੂ ਹੈ। ਜਿਹੜੇ ਉਸ ਗੁਰੂ ਵਿਚ ਅਭੇਦ ਹੋ ਗਏ ਨੇ, ਉਹ ਵੀ ਜਾਗਦੇ ਨੇ। ਉਹਨਾਂ ਨੂੰ ਕਹਿੰਦੇ ਨੇ, ਮਹਾਂਪੁਰਸ਼, ਸੰਤ, ਸਾਧੂ। ਦਾਸ ਕਈ ਵਾਰ ਬੇਨਤੀ ਕਰਦੈ ਕਿ ਬ੍ਰਹਮ ਗਿਆਨੀ, ਜੀਵਨ ਮੁਕਤ, ਸੰਤ, ਸਾਧੂ, ਜਨ, ਭਗਤ; ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ, ਉਹਦੇ ਵਿਚ ਓਹੀ ਨੇ, ਜਿਹੜੇ ਉਹਦੇ ਵਿਚ ਅਭੇਦ ਨੇ -

*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥* *ਅੰਗ- ੨੭੨*

ਜਨ ਵੀ ਕੌਣ ਹੈ? ਜਿਹੜੇ ਉਹਦੇ ਵਿਚ ਅਭੇਦ ਨੇ। ਜਿਹੜੇ ਉਹਦੇ ਵਿਚ ਇਕ ਰੂਪ ਨੇ -

*ਹਰਿ ਜਨ ਹਰਿ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ।*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।*

ਸੋ ਜਿਹੜੇ ਉਹਦੇ ਵਿਚ ਅਭੇਦ ਹੋ ਗਏ ਨੇ। ਦੋ ਤੋਂ ਭਗਤੀ ਸ਼ੁਰੂ ਹੁੰਦੀ ਹੈ, ਇਕ 'ਤੇ ਖਤਮ ਹੋ ਜਾਂਦੀ ਹੈ -

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*
*ਅੰਗ- ੯੬੯*

ਪਹਿਲਾਂ ਅੱਡ ਸੀ, ਕਬੀਰ ਅੱਡ ਸੀ, ਹੁਣ ਇਕ ਰੂਪ ਹੋ ਗਿਆ। ਉਥੇ ਫੇਰ ਦੂਸਰਾ ਨਹੀਂ ਪਿਆਰਿਓ! ਹੁਣ ਉਹਦੇ ਪਿਆਰੇ ਜਾਗਦੇ ਨੇ। ਸਤਿਗੁਰੂ ਜਾਗਦਾ ਹੈ ਤੇ ਸਤਿਗੁਰੂ ਦੇ ਪਿਆਰੇ ਜਾਗਦੇ ਨੇ, ਜਿਹੜੇ ਉਹਦੇ ਵਿਚ ਅਭੇਦ ਨੇ -

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥*
*ਚਰਣ ਕਮਲ ਧਿਆਨੁ ਹਿਰਦੈ*
*ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥* *ਅੰਗ- ੪੫੯*

ਜੇ ਉਹ ਸਰੀਰ ਕਰਕੇ ਅਰਾਮ ਕਰਦੇ ਨੇ, ਉਸ ਵੇਲੇ ਵੀ ਉਹ ਜਾਗਦੇ ਨੇ। ਸੰਸਾਰ ਜਾਗਦਾ ਹੋਇਆ ਵੀ ਸੁੱਤਾ ਹੈ। ਰੱਬ ਦੇ ਪਿਆਰੇ ਸਰੀਰ ਕਰਕੇ ਸੁੱਤੇ ਨੇ ਪਰ ਅੰਦਰੋਂ ਜਾਗਦੇ ਨੇ - ***'ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥'*** ਹਿਰਦਾ ਜਿਹੜਾ ਹੈ, ਇਕ ਪਿੰਡੀ ਹਿਰਦਾ ਹੁੰਦੈ, ਇਕ ਬ੍ਰਹਿਮੰਡੀ ਹਿਰਦਾ ਹੁੰਦੈ। ਪਿੰਡੀ ਹਿਰਦੇ ਨੂੰ ਤਾਂ ਆਪਾਂ ਆਮ ਜਾਣਦੇ ਹਾਂ ਪਰ ਜਿਹੜਾ ਬ੍ਰਹਿਮੰਡੀ ਹਿਰਦਾ ਹੈ, ਇਹ ਜਿਥੇ ਦੋ ਅੱਖਾਂ ਤੇ ਨੱਕ ਦਾ ਜੋੜ ਹੈ। ਇਹਨੂੰ ਬ੍ਰਹਿਮੰਡੀ ਹਿਰਦਾ ਕਹਿੰਦੇ ਨੇ। ਹੁਣ ਉਹ ਜਾਗਦੇ ਨੇ, ਸੰਸਾਰ ਸੁੱਤਾ ਹੈ। ਸਭ ਤੋਂ ਵੱਡਾ ਪਰਉਪਕਾਰ ਹੈ ਕਿ ਉਹ ਸੁੱਤੇ ਸੰਸਾਰ ਨੂੰ ਜਗਾਉਂਦੇ ਨੇ। ਹੁਣ ਮਹਾਂਪੁਰਸ਼ਾਂ ਨੇ ਕਿੰਨਿਆਂ ਕੁ ਨੂੰ ਜਗਾਇਆ ਹੈ। ਆਪਾਂ ਸਾਧਸੰਗਤ ਜੀ, ਇਹਦੀ ਗਿਣਤੀ ਨਹੀਂ ਕਰ ਸਕਦੇ, ਨਾ ਗਿਣਤੀ ਹੋ ਸਕਦੀ ਹੈ, ਕਿਉਂਕਿ-

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* *ਅੰਗ- ੨੭੩*

ਜਿਹੜੇ ਸਤਿਪੁਰਸ਼ ਹਨ, ਬ੍ਰਹਮ ਗਿਆਨੀ ਹਨ, ਸਾਧੂ ਹਨ, ਸੰਤ ਹਨ, ਗੁਰਮੁਖ ਜਨ ਹਨ, ਸਹਿਜ ਸੁਭਾਅ ਕਰਦੇ ਨੇ। ਗਿਣ-ਮਿਥ ਕੇ ਨਹੀਂ ਕਰਦੇ ਕਿ ਇਥੇ ਪਰਉਪਕਾਰ ਕਰਨਾ ਹੈ, ਇਥੇ ਨਹੀਂ ਕਰਨਾ। ਜਿਵੇਂ ਦਰਿਆ ਦਾ ਸੁਭਾਅ ਹੈ। ਦਰਿਆ ਚਲਦਾ ਜਾ ਰਿਹਾ ਹੈ। ਜਿਹੜਾ ਉਹਦੇ ਵਿਚ ਮਿਲ ਗਿਆ, ਉਹਨੇ ਸਮੁੰਦਰ ਨੂੰ ਮਿਲਾ ਦੇਣਾ ਹੈ। ਉਹਦੇ ਵਿਚੋਂ ਕੋਈ ਪਾਣੀ ਕੱਢੀ ਜਾਵੇ, ਪਾਈ ਜਾਵੇ, ਕੋਈ ਫਰਕ ਨਹੀਂ ਪੈਂਦਾ। ਉਹਨੇ ਤਾਂ ਮਿਲਾਉਣਾ ਹੈ, ਸਮੁੰਦਰ। ਹੁਣ ਚੰਦਨ ਦਾ ਬੂਟਾ ਹੈ, ਉਹਦਾ ਸੁਭਾਅ ਹੈ ਸੁਗੰਧੀ ਦੇਣੀ ਜਾਂ ਫੁੱਲ ਕਹਿ ਲਓ। ਹੁਣ ਚੰਦਨ ਜਿਹੜਾ ਹੈ ਉਹ ਸੁਗੰਧੀ ਦਿੰਦੈ, ਕੁਹਾੜਾ ਜਿਹੜਾ ਹੈ ਉਹ ਕੱਟਦਾ ਹੈ ਪਰ ਉਹ ਆਪਣਾ ਸੁਭਾਅ ਨਹੀਂ ਛੱਡਦਾ, ਸੁਗੰਧੀ ਦੇਣ ਵਾਲਾ। ਇਸ ਤਰ੍ਹਾਂ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਉਹ ਆਪਣਾ ਪਰਉਪਕਾਰੀ ਸੁਭਾਅ ਨਹੀਂ ਛੱਡਦੇ-

*ਕਬੀਰ ਸੰਤੁ ਨ ਛਾਡੈ ਸੰਤਈ*
*ਜਉ ਕੋਟਿਕ ਮਿਲਹਿ ਅਸੰਤ ॥* *ਅੰਗ - ੧੩੭੩*

ਕਰੋੜਾਂ 'ਅਸੰਤ' ਇਥੇ 'ਅ' ਲੱਗਾ ਹੈ। ਕਰੋੜਾਂ ਮਨਮੁਖ ਉਹਨਾਂ ਨੂੰ ਸੰਸਾਰ ਵਿਚ ਮਿਲ ਜਾਣ, ਉਹ ਆਪਣੇ ਗੁਣ ਨਹੀਂ ਛਡਦੇ। ਉਹ ਆਪਣਾ ਪਰਉਪਕਾਰ ਦਾ ਰਸਤਾ ਨਹੀਂ ਛਡਦੇ।

ਸੰਤ ਬਾਬਾ ਹਰਬੰਸ ਸਿੰਘ ਜੀ ਬ੍ਰਹਮ ਗਿਆਨੀ ਮਹਾਂਪੁਰਸ਼, 1988 ਵਿਚ ਦਾਸ ਇਥੋਂ ਯੂ.ਪੀ ਦੇ ਦੀਵਾਨਾਂ ਵਿਚ ਜਾ ਰਿਹਾ ਸੀ। ਮਹਾਂਪੁਰਸ਼ਾਂ ਨੂੰ ਬੰਗਲਾ ਸਾਹਿਬ ਮਿਲਿਆ ਕਿਉਂਕਿ 1973 ਤੋਂ ਕਾਰ ਸੇਵਾ ਸ਼ੁਰੂ ਹੋਈ। ਉਸ ਵੇਲੇ ਮਹਾਂਪੁਰਸ਼ ਬਹੁਤ ਕਾਰ ਸੇਵਾ ਕਰਾਉਂਦੇ। ਜਿਸ ਵੇਲੇ ਫਤਹਿ ਬੁਲਾਈ, ਬੜੇ ਪਿਆਰ ਨਾਲ ਉਹਨਾਂ ਨੇ ਬਿਠਾਇਆ ਤੇ ਉਹਨਾਂ ਨੇ ਦੋ ਬਚਨ

ਕੀਤੇ। ਉਹਨਾਂ ਨੇ ਬਚਨ ਇਹ ਕੀਤਾ ਕਿ ਜੇ ਬਦੀ ਕਰਨ ਵਾਲਾ ਬਦੀ ਨਹੀਂ ਛਡਦਾ ਤੇ ਨੇਕੀ ਕਰਨ ਵਾਲਾ ਨੇਕੀ ਨਾ ਛੱਡੇ। ਆਹ ਬਚਨ ਬਾਬਾ ਹਰਬੰਸ ਸਿੰਘ ਜੀ ਦਾ ਹੈ। ਦੂਸਰਾ ਬਚਨ ਆਪਣੇ ਵੱਡਿਆਂ ਦੇ ਕਦਮਾਂ 'ਤੇ ਕਦਮ ਰੱਖੀ ਜਾਇਓ। ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਆਪਾਂ ਜਿਹੜੇ ਦਿਹਾੜੇ ਮਨਾ ਰਹੇ ਹਾਂ, ਭਾਵੇਂ ਗੁਰਸਿੱਖ ਜਿੱਥੇ ਵੀ ਹੈ ਉਹ ਪਿਆਰਿਓ ਗੁਰੂ ਬਚਨ ਕਮਾਉਂਦਾ ਹੈ। ਗੁਰਸਿੱਖ ਅੰਮ੍ਰਿਤ ਵੇਲੇ ਨਿਤਨੇਮ ਕਰਦੇ ਨੇ, ਬਾਣੀ, ਕਥਾ, ਕੀਰਤਨ ਸੁਣਦੇ ਨੇ। ਮਹਾਂਪੁਰਸ਼ ਕਿਹਾ ਕਰਦੇ ਭਾਈ! ਇਕੱਲਾ ਜਿਹੜਾ ਹੈ ਜਿਵੇਂ ਆਪਣਾ ਖੂਹ ਚਲਾ ਲੈਂਦੈ, ਟਿਊਬਵੈੱਲ ਚਲਾ ਲੈਂਦੈ। ਸੰਗਤ ਨਾਲ ਮਿਲਕੇ ਕਰਦਾ ਹੈ, ਜਿਵੇਂ ਮੂਹਲੇਧਾਰ ਬਾਰਿਸ਼ ਪੈਂਦੀ ਹੈ, ਮਿੰਟਾਂ ਵਿਚ ਪਾਣੀ-ਪਾਣੀ ਹੋ ਜਾਂਦਾ ਹੈ। ਸੰਗਤ ਨਾਲ ਮਿਲ ਕੇ ਨਾਮ ਜਪਣਾ, ਸੰਗਤ ਨਾਲ ਮਿਲ ਕੇ ਬਾਣੀ ਪੜ੍ਹਨੀ-ਸੁਣਨੀ, ਇਹਦਾ ਜਿਹੜਾ ਫਲ ਹੈ ਉਹ ਸਾਧਸੰਗਤ ਜੀ, ਬਹੁਤ ਵੱਡਾ ਹੁੰਦਾ ਹੈ। ਇਨ੍ਹਾਂ ਸਮਾਗਮਾਂ ਦਾ ਭਾਵ ਵੀ ਇਹ ਹੁੰਦੈ ਕਿ ਅਸੀਂ ਆਪਣੇ ਵੱਡਿਆਂ ਦਾ ਉਪਦੇਸ਼ ਯਾਦ ਕਰੀਏ ਕਿਉਂਕਿ ਉਹਨਾਂ ਨੇ ਸਾਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ। ਮਹਾਂਪੁਰਸ਼ ਜਿੱਥੇ ਵੀ ਸੰਸਾਰ 'ਤੇ ਗਏ ਨੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਹੈ ਤੇ ਨਸ਼ਿਆਂ ਤੋਂ ਬਚਾਇਆ ਹੈ। ਇਕ ਨਹੀਂ, ਅਨੇਕਾਂ ਨੂੰ ਪਿਆਰਿਓ, ਜੀਵਨ ਬਖਸ਼ਿਆ ਹੈ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ - ੭੪੯*

ਕਿਉਂਕਿ ਆਪ ਉਸ ਅਵਸਥਾ ਦੇ ਮਾਲਕ ਨੇ। ਕਿਹੜੀ ਅਵਸਥਾ ਦੇ ਮਾਲਕ ਨੇ? ਜਿਵੇਂ ਭਗਤੀ ਦੋ ਤੋਂ ਸ਼ੁਰੂ ਹੁੰਦੀ ਹੈ ਤੇ ਇਕ 'ਤੇ ਖਤਮ ਹੋ ਜਾਂਦੀ ਹੈ-

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*
*ਅੰਗ- ੯੬੯*

ਦਸਮ ਪਾਤਸ਼ਾਹ ਮਹਾਰਾਜ ਦਸਮ ਗ੍ਰੰਥ ਵਿਚ ਕਹਿੰਦੇ ਨੇ -

*ਇਹ ਬਿਧਿ ਕਰਤ ਤਪਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ। ਬਚਿਤ੍ਰ ਨਾਟਕ, ਪਾਤਸ਼ਾਹੀ ੧੦*

ਉਥੇ ਇਕ ਹੈ ਭਾਈ, ਹੁਣ ਜਿਹੜੇ ਮਹਾਂਪੁਰਸ਼ ਹਨ ਉਹ ਸਰੀਰ ਵਿਚ ਰਹਿੰਦੇ ਹੋਏ ਉਸ ਵਾਹਿਗੁਰੂ ਦੇ ਵਿਚ ਅਭੇਦ ਹੁੰਦੇ ਨੇ। ਅਭੇਦ ਅਵਸਥਾ ਬਾਰੇ ਕਈ ਕਹਿੰਦੇ ਨੇ ਕਿ ਕੀ ਫਰਕ ਹੈ। ਬੜਾ ਫਰਕ ਹੁੰਦੈ ਭਾਈ। ਪੰਜ ਤੱਤ ਦਾ ਸਰੀਰ ਭਾਵੇਂ ਆਮ ਮਨੁੱਖ ਦਾ ਹੈ ਅਤੇ ਪੰਜ ਤੱਤ ਦਾ ਹੀ ਸਰੀਰ ਉਹਨਾਂ ਦਾ ਹੈ। ਪਰ ਜਿਮੀ ਅਸਮਾਨ ਦਾ ਫਰਕ ਹੁੰਦਾ ਹੈ, ਪਿਆਰਿਓ! ਕਿਉਂਕਿ ਇਕ ਸਤਿਪੁਰਸ਼, ਇਕ ਮਹਾਪੁਰਸ਼ ਕਿੰਨਿਆਂ ਨੂੰ ਜੋੜ ਦਿੰਦਾ ਹੈ, ਪਿਆਰਿਓ! ਉਹਨਾਂ ਦੀ ਬਰਕਤ ਕਿੰਨੀ ਹੈ -

*ਤਿਨ ਕੀ ਬਰਕਤ ਖਾਇੰਦੇ ਅਸੰਖ ਲਖ ਕਰੋੜੇ।*

ਇਕਨਾ ਦਾ ਕਮਾਇਆ ਹੋਇਆ ਨਾਮ, ਦਾਸ ਕਈ ਵਾਰ ਬੇਨਤੀ ਕਰਦੈ। ਇਹ ਮਹਾਂਪੁਰਸ਼ ਸਰੀਰ ਵਿਚ ਰਹਿੰਦਿਆਂ ਤਾਂ ਪਰਉਪਕਾਰ ਕਰਦੇ ਹੀ ਨੇ। ਨਾਮ ਜਪਦੇ-ਜਪਾਉਂਦੇ ਹੀ ਨੇ, ਸਰੀਰ ਛੱਡਣ ਤੋਂ ਬਾਅਦ ਵੀ ਉਹ ਸੰਸਾਰ ਨੂੰ ਜੋੜਦੇ ਹੀ ਰਹਿੰਦੇ ਨੇ, ਜੁਗਾਂ-ਜੁਗਾਂ ਵਾਸਤੇ। ਚਾਹੇ ਸਤਿਜੁਗ 'ਚ ਹੈ, ਚਾਹੇ ਤ੍ਰੇਤਾ 'ਚ ਹੈ, ਚਾਹੇ ਦੁਆਪਰ 'ਚ, ਚਾਹੇ ਕਲਜੁਗ 'ਚ ਆਏ। ਦੁਨੀਆਂ ਦੇ ਜਿਹੜੇ ਵੱਡੇ-ਵੱਡੇ ਬਾਦਸ਼ਾਹ ਨੇ, ਜਿਨ੍ਹਾਂ ਨੇ ਸਾਰੇ ਸੰਸਾਰ ਦੇ ਉਤੇ ਆਪਣਾ ਹੁਕਮ ਚਲਾਉਣ ਦੀ ਕੋਸ਼ਿਸ਼ ਕੀਤੀ ਹੈ ਜਿਉਂ-ਜਿਉਂ ਸਮਾਂ ਨਿਕਲਦਾ ਹੈ, ਪਿਆਰਿਓ, ਸੰਸਾਰ ਉਹਨਾਂ ਨੂੰ ਭੁੱਲ ਜਾਂਦਾ ਹੈ। ਉਹਨਾਂ ਦੇ ਨਾਮ ਵੀ ਯਾਦ ਨਹੀਂ ਰਹਿੰਦੇ ਪਰ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਜਿਉਂ-ਜਿਉਂ ਸਮਾਂ ਨਿਕਲਦਾ ਹੈ, ਤਿਉਂ-ਤਿਉਂ ਉਹਨਾਂ ਦੀ ਯਾਦ ਹੋਰ ਵਧਦੀ ਜਾਂਦੀ ਹੈ। ਧਰੂੰ, ਪ੍ਰਹਿਲਾਦ, ਸਤਿਜੁਗ ਵਿਚ ਹੋਏ ਨੇ, ਕੀ ਕੋਈ ਭੁੱਲ ਗਿਆ? ਨਹੀਂ ਭੁੱਲ ਸਕਦਾ, ਪਿਆਰਿਓ। ਇਸੇ ਤਰ੍ਹਾਂ ਜਿਹੜੇ ਸਤਿਪੁਰਸ਼ ਹਨ, ਮਹਾਂਪੁਰਸ਼ ਹਨ, ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਅਭੇਦ ਅਵਸਥਾ ਦੇ ਇਕ ਰੂਪ ਹੁੰਦੇ ਨੇ। ਉਹਨਾਂ ਦੀ ਬਰਕਤ ਪਿਆਰਿਓ, ਕਿੰਨੀ ਹੈ? ਉਹਨਾਂ ਦਾ ਜਿਹੜਾ ਹੁਕਮ ਹੈ ਇਥੇ ਵੀ, ਦਰਗਾਹ ਵਿਚ ਵੀ, ਚਲਦਾ ਹੈ। ਇਸ ਲੋਕ ਵਿਚ ਵੀ ਤੇ ਪਰਲੋਕ ਵਿਚ ਵੀ, ਉਹਨਾਂ ਦਾ ਹੁਕਮ ਚਲਦੈ। ਉਹ ਹੁਣ ਇਕ ਰੂਪ ਹੁੰਦੇ ਨੇ ਕਿਉਂਕਿ ਨਾਮ ਜਪਦਿਆਂ-ਜਪਦਿਆਂ ਕਿਹੜੀ ਅਵਸਥਾ ਹੈ ਜੋ ਪ੍ਰਾਪਤ ਹੁੰਦੀ ਹੈ? ਨਾਮ ਜਪਦਿਆਂ-ਜਪਦਿਆਂ ਅਵਸਥਾ ਹੋ ਜਾਂਦੀ ਹੈ -

*ਜਿਨ ਹਰਿ ਜਪਿਆ ਸੇ ਹਰਿ ਹੋਏ*
*ਹਰਿ ਮਿਲਿਆ ਕੇਲ ਕੇਲਾਲੀ ॥* *ਅੰਗ - ੬੬੭*

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਨੇ। ਵੈਸੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਹੈ ਹੀ ਮਹਿਮਾ 'ਨਾਮ' ਦੀ। ਪਰ ਇਕ ਜਗ੍ਹਾ ਸਾਹਿਬ ਫੁਰਮਾਨ ਕਰਦੇ ਨੇ ਕਿ - ***'ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥'***

*'ਚਲਦਾ.................।'*

# ਸੁਰਤਿ ਸਬਦਿ ਭਵਸਾਗਰ ਤਰੀਐ....॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਦੀ ਕ੍ਰਿਪਾ ਹੋਈ ਹੈ, ਸਤਿਗੁਰਾਂ ਦੇ ਪਾਵਨ ਦਰਬਾਰ ਦੇ ਵਿਚ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਨਾਮ ਨਾਲ ਜੁੜਿਆ ਜਾਵੇ ਉਹਨੂੰ ਸਤਿਸੰਗ ਕਿਹਾ ਜਾਂਦਾ ਹੈ।

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਕਿੰਨਾਂ ਕੁ ਸਮਾਂ ਹੁੰਦਾ ਹੈ ਇਕ ਘੜੀ ਦਾ - ਸਾਢੇ ਚੌਵੀ ਮਿੰਟ। ਉਸ ਤੋਂ ਵੀ ਅੱਧੀ, ਮਹਾਰਾਜ ਨੇ ਇਥੋਂ ਤਕ ਵੀ ਕਿਹਾ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ।*
*ਕਾਲ ਫਾਸ ਕੇ ਬੀਚ ਨ ਆਇਓ।*

ਸੋ ਇਹ ਬਹੁਤ ਹੀ ਜ਼ਰੂਰੀ ਹੈ ਕਿ ਐਸੇ ਸਮੇਂ ਨੂੰ ਸੰਭਾਲਿਆ ਜਾਣਾ ਕਿਉਂਕਿ ਸਾਡਾ ਸਾਰਿਆਂ ਦਾ ਹੀ ਜਦੋਂ ਅੰਤਿਮ ਸਮਾਂ ਆਉਣਾ ਹੈ, ਉਸ ਸਮੇਂ ਵੀ ਇਹੀ ਸਾਮ੍ਹਣੇ ਆਉਂਦਾ ਹੈ। ਨਾ ਦਿਨ ਤੇ ਨਾ ਰਾਤ, ਮਟਕ ਚਾਨਣਾ ਜਿਹਾ, ਸਾਮ੍ਹਣੇ ਹੁੰਦਾ ਹੈ। ਜੋ ਉਸ ਸਮੇਂ ਕੰਮ ਕਰਦੇ ਹੋਵਾਂਗੇ ਓਹੀ ਯਾਦ ਆਉਣਾ ਹੈ। ਇਸ ਕਰਕੇ -

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ- ੨੮੬*

ਇਹੀ ਅਸਲ ਕੰਮ ਹੈ, ਬਾਕੀ ਕੰਮ ਤਾਂ ਜਿਹੜੇ ਹਨ ਉਹ ਹੁੰਦੇ ਹੀ ਰਹਿੰਦੇ ਹਨ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਅੱਜ ਜੇ ਜ਼ਿੰਦਗੀ ਦਾ ਹਿਸਾਬ-ਕਿਤਾਬ ਲਾਈਏ ਤਾਂ ਦੇਖੋ ਕਿੰਨਾ ਹੀ ਸਮਾਂ ਲੰਘ ਗਿਆ। ਸਾਲਾਂ ਦੇ ਸਾਲ ਲੰਘ ਗਏ - ***'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥'***

ਸਮੇਂ ਦਾ ਕੋਈ ਪਤਾ ਨਹੀਂ ਕਿ ਕਿੰਨਾਂ ਸਮਾਂ ਲੰਘ ਗਿਆ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਸਾਡੇ ਕਿੰਨੇ ਹੀ ਜਨਮ ਲੰਘ ਗਏ -

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਅੰਗ- ੧੦੭੫*

ਇਸ ਮਾਨੁੱਖ ਤਨ ਨੂੰ ਹੀ ਵਡਿਆਈ ਮਿਲੀ ਹੈ ਜਿਵੇਂ ਸਰਵਣ ਕਰ ਰਹੇ ਸੀ ਕਿ ਗੁਰੂ ਤੋਂ ਮੰਤਰ ਲੈ ਕੇ ਨਾਮ ਤੱਕ ਪਹੁੰਚਣਾ, ਇਹ ਸਾਰਾ ਜਿਹੜਾ process ਹੈ, ਇਸ ਨੂੰ ਅਸੀਂ ਅਪਨਾਉਣਾ ਹੈ। ਗੁਰੂ ਗੁਰਮੰਤ੍ਰ ਦਿੰਦੇ ਹਨ, 'ਨਾਮ' ਸਾਡੇ ਸਾਰਿਆਂ ਦੇ ਅੰਦਰ ਹੈ। ਜਦੋਂ ਅਸੀਂ ਇਹਦੀ ਕਮਾਈ ਕਰਦੇ ਹਾਂ, ਸਤਿਸੰਗ ਵਿਚ ਆਉਂਦੇ ਹਾਂ, ਜੁਗਤ ਪਤਾ ਲਗਦੀ ਹੈ ਕਿ ਕਿਵੇਂ ਕਰਨਾ ਹੈ। ਸ਼ੁਰੂਆਤ ਵਿਚ ਆਪਾਂ ਬੋਲ ਕੇ ਕਰਦੇ ਹਾਂ। ਇਹਨੂੰ ਬੈਖਰੀ ਬਾਣੀ ਕਿਹਾ ਹੈ, ਫੇਰ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ, ਬੁੱਲ੍ਹ ਤਾਂ ਹਿਲਦੇ ਨੇ ਪਰ ਅਵਾਜ਼ ਅੰਦਰ ਸੁਣਾਈ ਦਿੰਦੀ ਹੈ। ਉਸ ਨੂੰ ਕਿਹਾ ਹੈ ਮਧਮਾ ਬਾਣੀ। 10 ਵਾਰੀ ਬੋਲ ਕੇ ਕਰੋ, ਇਕ ਵਾਰੀ ਮਧਮਾ ਬਾਣੀ ਦੇ ਵਿਚ ਹੋਵੇ, ਬਰਾਬਰ ਫਲ ਹੈ। ਉਸ ਤੋਂ ਬਾਅਦ ਹਿਰਦੇ ਦੀ ਬਾਣੀ ਹੈ। ਉਹਦੇ ਵਿਚ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ-੧੨੫੬*

ਉਹਦੇ ਵਿਚ ਫੇਰ ਹੋਰ ਦਸ ਗੁਣਾਂ ਫਲ ਵਧ ਗਿਆ। 100 ਵਾਰੀ ਬੋਲ ਕੇ ਕਰ ਲਓ, ਇਕ ਵਾਰੀ ਹਿਰਦੇ ਦੇ ਵਿਚ ਹੋ ਜਾਵੇ, ਬਰਾਬਰ ਫਲ ਹੈ। ਫੇਰ ਇਹ ਪਰਾ ਬਾਣੀ ਦੇ ਵਿਚ, ਨਾਭੀ 'ਤੇ ਆਉਂਦਾ ਹੈ। ਨਾਭੀ 'ਤੇ ਜ਼ੋਰ ਦੇ ਕੇ ਸਵਾਸ ਦੇ ਰਾਹੀਂ ਇਹਨੂੰ ਕਰਨਾ ਹੁੰਦਾ ਹੈ। ਹਜ਼ਾਰ ਵਾਰੀ ਬੋਲ ਕੇ ਕਰ ਲਓ, ਸਵਾਸ ਰਾਹੀਂ ਇਕ ਵਾਰੀ ਕਰ ਲਓ। ਜੇ ਡੂੰਘਾ ਸਵਾਸ ਲੈ ਕੇ ਛਡਦੇ ਹਾਂ, ਇਹਦੇ ਨਾਲ ਕਿੰਨੀ ਸ਼ਾਂਤੀ ਵਰਤ ਜਾਂਦੀ ਹੈ। ਪਾਤਸ਼ਾਹ ਜੀ ਨੇ ਐਸਾ ਫੁਰਮਾਨ ਕੀਤਾ ਕਿ ਅਸੀਂ ਇਹ ਕਰੀਏ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਸਵਾਸ ਦੇ ਨਾਲ ਉਹਨੂੰ ਯਾਦ ਕਰੋ, ਸਿਮਰੋ। ਇਹਦੇ ਨਾਲ ਕੀ ਹੋਵੇਗਾ? ***'ਮਨ ਅੰਤਰ ਕੀ ਉਤਰੇ ਚਿੰਦ'*** ਕਿਉਂਕਿ ਮਨ ਦਾ ਹੀ ਸਾਰਾ ਕੰਮ ਹੈ। ਮਨ ਦੌੜਦਾ ਹੈ, ਇਹ ਸਵਾਰੀ ਹੈ, ਸਵਾਸ-ਸਵਾਸ ਨੂੰ ਕੰਟਰੋਲ ਕਰੋ। ਜਿੰਨਾਂ ਡੂੰਘਾ ਸਵਾਸ ਹੋਏਗਾ, ਅੰਦਰ ਨੂੰ ਜਾਂਦਾ ਹੈ ਸੁਣਨਾ ਕੀ ਹੈ? 'ਵਾਹਿ.....।' ਬਾਹਰ ਨੂੰ ਆਉਂਦਾ ਹੈ - 'ਗੁਰੂ...।' ਸੱਚੇ ਪਾਤਸ਼ਾਹ ਜੀ ਨੇ ਸਾਰਿਆਂ ਰੋਗਾਂ ਦਾ ਇਲਾਜ, ਸਾਰਿਆਂ ਦੁੱਖਾਂ ਦਾ ਇਲਾਜ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ - ੨੭੪*

ਇਹ ਦਸਿਆ ਹੈ। ਜਦੋਂ ਸਵਾਸ ਛੱਡਣਾ ਹੈ, ਉਸ ਸਮੇਂ ਇਸ ਉਤੇ ਕੀ ਹੋਵੇ? ਖਾਲੀ ਨਾ ਜਾਵੇ ਸਵਾਸ ਕਿਉਂਕਿ ਮਨ ਦਾ ਸੁਭਾਅ ਹੈ, ਇਹ ਦੌੜਦਾ ਹੈ, ਸਵਾਸ 'ਤੇ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ - ੧੨੫੩*

ਮਨ ਦਾ ਹੀ ਸਾਰਾ ਕੰਮ ਹੈ -

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ - ੩੪੦*

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਇਸ ਕਰਕੇ ਖਾਲੀ ਸਵਾਸ ਨਾ ਜਾਵੇ। ਸਵਾਸ ਜਿਹੜੇ ਨੇ ਇਹ ਗਿਣਤੀ ਦੇ ਮਿਲੇ ਨੇ -

*ਛਨਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥*
*ਅੰਗ - ੨੫੪*

ਹੁਣ ਇਨ੍ਹਾਂ ਦੀ ਜਿਹੜੀ ਰਫਤਾਰ ਹੈ, ਇਹ ਅਸੀਂ ਤੇਜ਼ ਕਰ ਲੈਂਦੇ ਹਾਂ। ਘਟਦੇ-ਵਧਦੇ ਤਾਂ ਨਹੀਂ, ਰਫਤਾਰ ਵਧਦੀ ਹੈ -

*ਚਲਤ ਅਠਾਰਾਂ ਬੈਸਤ ਬਾਰਾਂ ਸੋਵਤ ਚੋਬੀਸ ਜਾਤ।*

ਚਲਦਾ ਇਨਸਾਨ ਇਕ ਮਿੰਟ 'ਚ 18 ਸਵਾਸ ਲੈਂਦਾ ਹੈ।ਬੈਠਾ 12 ਲੈਂਦਾ ਹੈ ਤੇ ਜਦੋਂ ਸੌਂਦਾ ਹੈ 24 ਸਵਾਸ ਇਕ ਮਿੰਟ ਵਿਚ ਲੈਂਦਾ ਹੈ। ਗੁੱਸੇ ਵਿਚ ਰਫਤਾਰ ਤੇਜ਼ ਹੁੰਦੀ ਹੈ, 32 ਸਵਾਸ ਇਕ ਮਿੰਟ ਵਿਚ ਵਿਅਰਥ ਚਲੇ ਜਾਂਦੇ ਹਨ। ਵਾਸ਼ਨਾ ਅਧੀਨ ਮਨ ਉਸ ਪ੍ਰਕ੍ਰਿਆ ਦੇ ਵਿਚ ਕਿੰਨਾ ਭੋਗਿਆ, ਸਰੀਰ 64 ਸਵਾਸ ਇਕ ਮਿੰਟ ਵਿਚ ਚਲੇ ਜਾਂਦੇ ਨੇ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨*

ਸਮਾਂ ਲੰਘਦਾ ਜਾ ਰਿਹਾ ਹੈ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥ ਅੰਗ- ੬੯੨*

'ਦਿਨ ਤੇ ਪਹਰ ਪਹਰ ਤੇ ਘਰੀਆਂ' ਪਹਿਲਾਂ ਸਮਾਂ ਇਸ ਤਰ੍ਹਾਂ ਹੀ ਮਿਣਦੇ ਸਨ। ਚਾਰ ਪਹਿਰ ਦਾ ਦਿਨ ਤੇ ਚਾਰ ਪਹਿਰ ਦੀ ਰਾਤ, ਤਿੰਨ ਘੰਟੇ ਦਾ ਇਕ ਪਹਿਰ ਫੇਰ ਪਹਿਰ ਤੋਂ ਘੜੀਆਂ, ਸਾਢੇ ਚੌਵੀ ਮਿੰਟ ਦੀ ਇਕ ਘੜੀ। ਇਸ ਤਰ੍ਹਾਂ ਦੇ ਨਾਲ ਇਹ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਸਮਾਂ ਨਾਮ ਤਬਦੀਲੀ ਦਾ ਹੈ, ਹੁਣ ਇਕ ਘੰਟੇ ਵਿਚ 60 ਮਿੰਟ ਹਨ, 24 ਘੰਟੇ ਦਾ ਦਿਨ ਤੇ ਰਾਤ ਹਨ। ਦਿਨ ਤੇ ਰਾਤ ਲੰਘਦੇ-ਲੰਘਦੇ ਕਿੰਨਾਂ ਹੀ ਸਮਾਂ ਲੰਘ ਗਿਆ। ਇਸ ਕਰਕੇ ਪਾਤਸ਼ਾਹ ਯਾਦ ਕਰਾ ਰਹੇ ਹਨ -

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥ ਅੰਗ - ੭੨੬*

ਜਿਵੇਂ ਤਿੜਿਆ ਹੋਇਆ ਘੜਾ, ਉਹਦੇ ਵਿਚ ਪਾਣੀ ਨਹੀਂ ਰੁਕਦਾ ਹੈ, ਇਸ ਤਰ੍ਹਾਂ ਛਿਨ-ਛਿਨ ਕਰਕੇ ਸਮਾਂ ਲੰਘਦਾ ਜਾ ਰਿਹਾ ਹੈ। ਇਸ ਕਰਕੇ ਹੇ ਪ੍ਰਾਣੀ! ਪ੍ਰਾਨਧਾਰੀ! ਪ੍ਰਾਣ ਚਲਦੇ ਨੇ, ਇਨ੍ਹਾਂ ਦੇ ਨਾਲ ਤੂੰ ਸਿਮਰਨ ਕਰ, ਉਸ ਪ੍ਰਮੇਸ਼ਰ ਨੂੰ ਯਾਦ ਕਰ। ਸਮਾਂ ਤਾਂ ਤੇਜ਼ੀ ਨਾਲ ਲੰਘਦਾ ਜਾ ਰਿਹਾ ਹੈ, ਫੇਰ ਇਹ ਕੰਮ ਕਿਉਂ ਨਹੀਂ ਕਰਦੇ?

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅੰਗ- ੭੨੬*

ਜੋ ਇਹ ਕੰਮ ਨਹੀਂ ਕਰਦੇ। ਕਹਿੰਦੇ, ਉਹਨੂੰ ਮੂਰਖ ਕਿਹਾ ਹੈ -

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥*
*ਅੰਗ- ੧੦੧੫*

ਕਿਉਂਕਿ ਝੂਠੇ ਲਾਲਚਾਂ ਦੇ ਵਿਚ ਲਗ ਕੇ ਅਸੀਂ ਮਰਨ ਨੂੰ ਪਛਾਣਦੇ ਨਹੀਂ। ਕਿੰਨਾਂ ਕੁਝ ਕਰਦੇ ਹਾਂ-

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥॥ ੧ ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥ ੩ ॥ ੯ ॥*
*ਅੰਗ- ੬੫੬*

ਸਮਾਂ ਨਾਮ ਤਬਦੀਲੀ ਦਾ ਹੈ -

*ਇਹ ਠਹਿਰਨ ਜਾਚ ਨਾ ਜਾਣਦਾ,*
*ਲੰਘ ਗਿਆ ਨਾ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਕਿਵੇਂ ਲੰਘ ਗਿਆ ਸਮਾਂ? -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥ ਅੰਗ- ੧੩੭*

ਇਹ ਸਾਰਾ ਸਮਾਂ ਬਚਪਨ ਦੀਆਂ ਖੇਡਾਂ ਦੇ ਵਿਚ ਲੰਘਾ ਦਿਤਾ। ਜਦੋਂ ਗਰਭ ਵਿਚ ਸੀ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ - ੨੫੧*

ਉਥੇ ਸਵਾਸ-ਸਵਾਸ ਦਾ ਸਿਮਰਨ ਚਲਦਾ ਸੀ। 'ਉਰਧ ਤਪ' ਪੁੱਠੇ ਲਟਕ ਕੇ ਉਹਨੂੰ ਯਾਦ ਕਰਦੇ ਸੀ ਪਰ ਹੋਇਆ ਕੀ -

*ਵਿਚਹੁ ਗਰਭੈ ਨਿਕਲਿ ਆਇਆ ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ ਅੰਗ- ੧੦੦੭*

ਬਾਹਰ ਆਉਂਦੇ ਹੀ ਭੁੱਲ ਗਏ, ਪਿਆਰ ਪੈ ਗਿਆ ਮਾਤਾ ਦੇ ਦੁੱਧ ਨਾਲ। ਸੋਝੀ ਆਈ, ਸੂਝ ਪੈਦਾ ਹੋਈ, ਮਾਤਾ ਪਿਤਾ ਦਾ ਪਤਾ ਲੱਗਿਆ, ਭਰਾਵਾਂ, ਭਰਜਾਈਆਂ ਦਾ ਪਤਾ ਲੱਗਾ। ਇਹਨਾਂ ਖੇਡਾਂ ਵਿਚ ਬਚਪਨਾ ਲੰਘ ਗਿਆ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥ ਅੰਗ- ੧੪੨੮*

*ਬਾਰਹ ਬਰਸ ਬਾਲਪਨ ਬੀਤੇ*
*ਬੀਸ ਬਰਸ ਕਛੁ ਤਪੁ ਨ ਕੀਓ ॥*
*ਤੀਸ ਬਰਸ ਕਛੁ ਦੇਵ ਨ ਪੂਜਾ*
*ਫਿਰਿ ਪਛੁਤਾਨਾ ਬਿਰਧਿ ਭਇਓ ॥ ਅੰਗ - ੪੭੯*

ਸਮਾਂ ਲੰਘਾ ਲਿਆ। ਅੱਗੇ ਕੀ ਆਈ, ਜਵਾਨੀ। ਉਹਦੇ ਵਿਚ -

*ਪੰਜਵੈ ਖਾਨ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭*

ਜਵਾਨੀ ਹਨ੍ਹੇਰੀ ਵਾਂਗੂੰ ਆਈ। ਐਸੀ ਮਸਤਾਨੀ ਹੋ ਕੇ, ਕਹਿੰਦਾ ਹੈ -

Eat drink and be merry for we shall have to die.

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਖਸਮੁ ਵਿਸਾਰਿ ਖੁਆਰੀ ਕੀਨੀ*
*ਧ੍ਰਿਗੁ ਜੀਵਣੁ ਨਹੀ ਰਹਣਾ ॥ ਅੰਗ- ੧੨੫੪*

ਖਾਂਦਾ, ਪੀਂਦਾ, ਸਮਾਂ ਲੰਘਾਉਂਦਾ ਹੈ। ਕਿਵੇਂ ਲੰਘ ਗਿਆ ਸਮਾਂ -

*ਰੈਨਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ- ੧੫੬*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ- ੧੩੬੬*

ਫੇਰ ਸਮਾਂ ਨਹੀਂ ਮਿਲਦਾ ਕਿਉਂਕਿ ਬਾਕੀ ਜਿਹੜੀਆਂ ਜੂਨੀਆਂ ਹਨ ਭਾਵੇਂ ਕਿ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- ੨੮੪*

ਉਹਨਾਂ ਨੇ ਧਾਰਨ ਕੀਤਾ ਹੈ ਪਰ ਉਹਨਾਂ ਨੂੰ ਅਧਿਕਾਰ ਨਹੀਂ ਕਿ ਉਹ ਨਾਮ ਵਿਚ ਸਥਿਤ ਹੋ ਸਕਣ, ਉਹ ਤਾਂ ਕਰਮ ਜੂਨੀਆਂ, ਭੋਗ ਜੂਨੀਆਂ ਹਨ। ਇਕ ਮਾਨੁਖ ਤਨ ਹੈ, ਇਸ ਨੂੰ ਅਧਿਕਾਰ ਹੈ ਪਰ ਜੇ ਗੁਰੂ ਤੋਂ ਮੰਤਰ ਨਹੀਂ ਲਿਆ, ਉਸ ਦੀ ਕਮਾਈ ਕਰਕੇ ਨਾਮ ਤਕ ਰੁਸਵਾਈ ਨਹੀਂ ਹੋਈ, ਇਹ ਵੀ ਇਸੇ ਤਰ੍ਹਾਂ ਭੋਗਿਆ ਜਾਂਦਾ ਹੈ -

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨੁ ਰਾਤਿ ॥*

*ਬਾਹਰਿ ਭੇਖ ਅੰਤਰਿ ਮਲੁ ਮਾਇਆ ॥*
*ਛਪਸਿ ਨਾਹਿ ਕਛੁ ਕਰੈ ਛਪਾਇਆ ॥ ਅੰਗ - ੨੬੭*
*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪*

ਮਨ ਪਿੱਛੇ ਲਗ ਕੇ, ਮਨ ਮਤਿ ਕਰਕੇ ਇਕ ਇਹੀ ਜਨਮ ਨਹੀਂ, ਕਿੰਨੇ ਹੀ ਜਨਮ ਲੰਘਾ ਲਏ। ਸਮਾਂ ਨਹੀਂ ਉਡੀਕਦਾ -

*ਇਹ ਠਹਿਰਨ ਜਾਚ ਨਾ ਜਾਣਦਾ।*
*ਲੰਘ ਗਿਆ ਨਾ ਮੁੜ ਕੇ ਆਂਵਦਾ।*

ਸਮਾਂ ਲੰਘਦਾ-ਲੰਘਦਾ ਜਵਾਨੀ ਆਈ। ਜਵਾਨੀ ਵਿਚ ਵੀ ਉਹ ਯਾਦ ਨਾ ਆਇਆ -

*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥ ਅੰਗ - ੧੩੭*

ਕਾਮਨਾਵਾਂ ਦੇ ਵਿਚ ਇਕ-ਇਕ ਮਿੰਟ ਵਿਚ 64-64 ਸਵਾਸ ਬਰਬਾਦ ਕਰ ਲਏ। ਸਰੀਰ ਨੂੰ ਖਰਾਬ ਕਰ ਲਿਆ -

*ਸਤਵੈ ਸੰਜਿ ਕੀਆ ਘਰ ਵਾਸੁ ॥ ਅੰਗ- ੧੩੭*

ਵੱਡਾ ਹੋਇਆ, ਵਿਆਹ ਹੋ ਗਿਆ। ਫੇਰ ਅੱਗੇ ਚਲ ਪਿਆ। ਚਲਦਾ-ਚਲਦਾ ਫੇਰ ਵਾਸ਼ਨਾਵਾਂ ਦੀ ਪੂਰਤੀ ਨਹੀਂ ਹੁੰਦੀ -

*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭*

ਗੁੱਸਾ ਆਉਂਦਾ ਹੈ। ਕ੍ਰੋਧ ਆਉਂਦਾ ਹੈ। ਫੇਰ ਜਵਾਨੀ ਲੰਘੀ, ਅੱਗੇ ਕੀ ਆਇਆ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*
*ਅੰਗ - ੧੪੨੮*

ਹੁਣ ਅੱਗੇ ਜੋਬਨ ਚਲਿਆ ਗਿਆ। ਬੁਢੇਪਾ ਆ ਗਿਆ -

*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੭*

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*
*ਭਾਈ ਗੁਰਦਾਸ ਜੀ*

ਇਹ ਮੰਤ੍ਰ ਗੁਰੂ ਬਾਬਾ ਜੀ ਲੈ ਕੇ ਆਏ। ਸਮਾਂ ਤਾਂ ਲੰਘ ਜਾਣਾ ਹੈ।

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀਂ।*
*ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।*
*ਭਾਈ ਵੀਰ ਸਿੰਘ ਜੀ*

ਜੇ ਸਮੇਂ ਨੂੰ ਨਾ ਸੰਭਾਲਿਆ, ਫੇਰ ਤਾਂ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ ਕਿ ਸਮਾਂ ਲੰਘ ਗਿਆ।

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਅੰਗ - ੧੩੮*

*ਤੀਹ ਸਾਲ ਤਕ ਕਿੰਨਾ ਸੁੰਦਰ ਸਰੀਰ ਹੋ ਜਾਂਦਾ ਹੈ।*

40 ਤੇ ਜਾ ਕੇ ਪੂਰਾ ਭਰ ਜਾਂਦਾ ਹੈ।

*ਚਾਲੀਸੀ ਪੁਰੁ ਹੋਇ ਪਚਾਸੀ*
*ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥ ਅੰਗ- ੧੩੮*

ਪੰਜਾਹ ਸਾਲ ਦੇ ਨੂੰ ਪੈਰ ਪਿੱਛੇ ਨੂੰ ਖਿੱਚਣੇ ਸ਼ੁਰੂ ਹੋ ਜਾਂਦੇ ਨੇ। 60 ਸਾਲ ਦੇ ਨੂੰ ਬੁਢੇਪਾ ਆ ਜਾਂਦਾ ਹੈ। 70 ਸਾਲ ਦਾ ਮਤਿਹੀਣ, 80 ਸਾਲ ਦੇ ਨੂੰ ਕੁਝ ਚੰਗਾ ਨਹੀਂ ਲਗਦਾ।

*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਅੰਗ- ੧੩੮*

ਫੇਰ ਤਾਂ ਪਤਾ ਹੀ ਨਹੀਂ ਲਗਦਾ ਕੁਝ। ਬਾਬਾ ਫਰੀਦ ਜੀ ਕਹਿੰਦੇ ਹਨ -

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ਅੰਗ- ੧੩੭੮*

ਬੁਢੇਪਾ ਆ ਗਿਆ, 95 ਸਾਲ ਦੀ ਉਮਰ ਹੈ ਸਾਮ੍ਹਣੇ ਪਾਣੀ ਪਿਆ ਹੈ ਪਰ ਗੜਵਾ ਚੁੱਕ ਕੇ ਪੀਣ ਦੀ ਹਿੰਮਤ ਨਹੀਂ ਹੈ। ਕੋਈ ਨੇੜੇ ਨਹੀਂ ਹੈ। ਕਹਿੰਦੇ ਨੇ, ਕਿੱਥੇ ਗਿਆ ਉਹ ਜਿਹੜਾ ਐਨਾ ਬਲ ਸੀ। ***'ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥'***

ਇਸ ਤਰ੍ਹਾਂ ਸਮਾਂ ਲੰਘ ਜਾਂਦਾ ਹੈ। ਇਸ ਸਮੇਂ ਨੇ ਕਿਸੇ ਨੂੰ ਨਹੀਂ ਉਡੀਕਣਾ। ਜਿਵੇਂ ਗਿਣਤੀਆਂ ਕਰਦੇ ਹਾਂ। ਸਮੇਂ ਦਾ ਮਾਪ ਦੰਡ ਹੈ ਕਿਉਂਕਿ ਸਮੇਂ ਦੇ ਨਾਲ, ਹੁਣ ਜ਼ਿਆਦਾਤਰ ਸਾਰੇ ਸੰਸਾਰ ਦੇ ਵਿਚ, ਇਹ ਈਸਵੀ ਸੰਨ ਚਲਦਾ ਹੈ, ਜੋ ਈਸਾ ਜੀ ਤੋਂ

*(ਬਾਕੀ ਪੰਨਾ 42 'ਤੇ)*

# ਗੁਰੂ ਅਰਜੁਨ ਪਰਤਖੵ ਹਰਿ

*ਡਾ. ਜਗਜੀਤ ਸਿੰਘ*

ਜੂਨ ਦਾ ਮਹੀਨਾ, ਵਿਸ਼ੇਸ਼ ਤੌਰ ਤੇ, ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਣ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦਿਤਾ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਭਲੇ ਲਈ ਨਿਰਮਲ ਪੰਥ ਚਲਾਇਆ। ਰੱਬ ਦੀ ਬੰਦਗੀ, ਨਾਮ-ਸਿਮਰਨ, ਸੇਵਾ, ਮਨੁੱਖੀ ਭਾਈਚਾਰੇ ਦੀ ਬਰਾਬਰੀ, ਨਿਆਂ, ਦਇਆ, ਪਰਉਪਕਾਰ, ਦਸਾਂ ਨਹੁੰਆਂ ਦੀ ਘਾਲ ਅਤੇ ਵੰਡ ਛਕਣਾ ਜਿਸ ਦੇ ਮੁੱਢਲੇ ਅਸੂਲ ਸਨ। ਨਿਰਭਉ ਨਿਰਵੈਰ ਪ੍ਰਮਾਤਮਾ ਦੀ ਬੰਦਗੀ ਵਿਚ ਜੋੜ ਕੇ ਨਿਰਭਉ ਨਿਰਵੈਰ ਸਮਾਜ ਦੀ ਸਥਾਪਨਾ ਕੀਤੀ ਜੋ ਹਰ ਤਰ੍ਹਾਂ ਦੇ ਰਸਮੀ, ਬੇਲੋੜੇ ਰੀਤੀ ਰਿਵਾਜਾਂ, ਭਰਮਾਂ, ਵਹਿਮਾਂ ਤੋਂ ਮੁਕਤ ਸੀ। ਧਰਮ ਦਾ ਪਾਖੰਡ ਜਾਲ ਤੋੜਿਆ, ਅਖੌਤੀ ਧਾਰਮਿਕ ਆਗੂਆਂ ਦੀ ਅਸਲੀਅਤ ਦੱਸ ਕੇ ਲੋਕਾਂ ਨੂੰ ਉਨ੍ਹਾਂ ਦੇ ਭੈ ਜਾਲ ਤੋਂ ਮੁਕਤ ਕੀਤਾ। ਉਨ੍ਹਾਂ ਦਾ ਫੁਰਮਾਨ ਹੈ -

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥*
*ਤੀਨੇ ਓਜਾੜੇ ਕਾ ਬੰਧੁ ॥* *ਅੰਗ - ੬੬੨*

ਲੋਕਾਂ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ, ਅਮੀਰੀ ਗਰੀਬੀ ਦੀਆਂ ਵੰਡਾਂ ਦੂਰ ਕਰਕੇ ਇਕ ਸੰਗਤ ਅਤੇ ਇਕ ਪੰਗਤ ਕਾਇਮ ਕਰਕੇ ਮਨੁੱਖੀ ਭਾਈਚਾਰੇ ਨੂੰ ਪਿਆਰ ਅਤੇ ਸੁਹਿਰਦਤਾ ਦੇ ਘੇਰੇ ਵਿਚ ਲਿਆਂਦਾ। ਰਾਜਸੀ ਖੇਤਰ ਵਿਚ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਸ਼ੀਹ (ਸ਼ੇਰ) ਅਤੇ ਅਹਿਲਕਾਰਾਂ (ਮੁਕੱਦਮ) ਨੂੰ ਕੁੱਤੇ ਕਹਿ ਕੇ ਉਨ੍ਹਾਂ ਦੇ ਨੀਵੇਂ ਕਿਰਦਾਰ ਨੂੰ ਲੋਕਾਂ ਸਾਮ੍ਹਣੇ ਲਿਆਂਦਾ। ਇਸ ਤਰ੍ਹਾਂ ਦੁਖੀ, ਨਿਮਾਣੀ, ਨਿਤਾਣੀ ਲੋਕਾਈ ਨੂੰ ਨਵਾਂ ਸਾਹਸ, ਨਵਾਂ ਬਲ, ਨਵਾਂ ਜੀਵਨ ਮਿਲਿਆਂ ਅਤੇ ਆਮ ਲੋਕ ਗੁਰੂ ਘਰ ਨਾਲ ਜੁੜਨੇ ਸ਼ੁਰੂ ਹੋ ਗਏ। ਇਹ ਸਿਲਸਿਲਾ ਗੁਰੂ ਅਰਜਨ ਦੇਵ, ਪੰਚਮ ਪਾਤਸ਼ਾਹ ਤਕ ਨਿਰਵਿਘਨ ਚਲਦਾ ਰਿਹਾ। ਕਰਤਾਰਪੁਰ ਸਾਹਿਬ, ਗੋਇੰਦਵਾਲ ਸਾਹਿਬ, ਰਾਮਦਾਸ ਚੱਕ (ਅੰਮ੍ਰਿਤਸਰ), ਤਰਨ ਤਾਰਨ ਸਾਹਿਬ, ਕਈ ਅਸਥਾਨ ਸਿੱਖੀ ਦਾ ਕੇਂਦਰ ਬਣਦੇ ਗਏ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖੀ ਵਿਚਾਰਧਾਰਾ ਦਾ ਧੁਰਾ ਕਾਇਮ ਕਰ ਦਿਤਾ। ਸੱਚ ਦਾ ਇਹ ਆਲਮ ਤੰਗ ਨਜ਼ਰੀਏ ਵਾਲੇ ਹਾਕਮਾਂ ਨੂੰ ਚੰਗਾ ਨਾ ਲੱਗਿਆ ਅਤੇ ਇਹੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

ਸ਼ਹੀਦੀ ਦਾ ਇਹ ਮਹਾਨ ਸਾਕਾ 30 ਮਈ 1606 ਨੂੰ ਵਾਪਰਿਆ। ਰਾਵੀ ਦਰਿਆ ਦੇ ਨੇੜੇ ਲਾਹੌਰ ਦੇ ਕਿਲ੍ਹੇ ਵਿਚ ਆਪ ਜੀ ਨੂੰ ਕੁਝ ਦਿਨ ਨਜ਼ਰਬੰਦ ਰੱਖਣ ਉਪਰੰਤ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਇਹ ਸਥਾਨ ਗੁਰਦਵਾਰਾ ਡੇਰਾ ਸਾਹਿਬ ਨਾਮ ਨਾਲ ਪ੍ਰਸਿੱਧ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੁਝ ਪਰੰਪਰਾਈ ਇਤਿਹਾਸਕਾਰਾਂ ਅਨੁਸਾਰ ਇਕ ਖੱਤਰੀ ਸਰਕਾਰੀ ਅਹਿਲਕਾਰ ਚੰਦੂ ਸੀ ਜਿਸ ਦੀ ਧੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਣਾ ਨੀਯਤ ਹੋਇਆ ਸੀ ਪਰ ਉਸ ਦੇ ਗੁਰੂ ਘਰ ਪ੍ਰਤੀ ਨਿਰਾਦਰੀ ਦੇ ਸ਼ਬਦ ਸੁਣ ਕੇ ਸਿੱਖ ਸੰਗਤ ਦੇ ਕਹਿਣ ਤੇ ਗੁਰੂ ਜੀ ਨੇ ਇਹ ਰਿਸ਼ਤਾ ਮੋੜ ਦਿਤਾ ਸੀ। ਬਦਲੇ ਦੀ ਭਾਵਨਾ ਵਜੋਂ ਉਸ ਨੇ ਛੜਯੰਤਰ ਰਚਿਆ, ਗੁਰੂ ਜੀ ਨੂੰ ਕੈਦ ਕਰਵਾਇਆ ਅਤੇ ਸ਼ਹੀਦ ਕਰਾ ਦਿਤਾ। ਸ਼ਹੀਦੀ ਦਾ ਇਹ ਕਾਰਨ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਲਗਦਾ। ਇਹ ਤਾਂ ਸੰਭਵ ਹੈ ਕਿ ਜਦੋਂ ਗੁਰੂ ਜੀ ਨੂੰ ਸ਼ਾਹੀ ਫੁਰਮਾਨ ਅਨੁਸਾਰ ਨਜ਼ਰਬੰਦ ਕੀਤਾ ਗਿਆ ਤਾਂ ਚੰਦੂ ਨੇ ਆਪਣੀ ਨਿਜੀ ਈਰਖਾ-ਵਸ ਗੁਰੂ ਜੀ ਨੂੰ ਤਸੀਹੇ ਦੇਣ ਵਿਚ ਦੋਖੀਆਂ ਦੀ ਸਹਾਇਤਾ ਕੀਤੀ ਹੋਵੇ ਪਰ ਸ਼ਹੀਦੀ ਦਾ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਖੁਦ ਸੀ ਅਤੇ ਉਸ ਦੇ ਸਲਾਹਕਾਰ ਸ਼ੇਖ ਅਹਿਮਦ ਸਰਹੰਦੀ ਮੁਜਾਦਿਦ-ਅਲਫ-ਸਾਨੀ ਆਦਿ ਸਨ। ਜਦ ਤੋਂ ਔਰੰਗਜ਼ੇਬ ਨੇ 1605 ਈ: ਵਿਚ ਦਿੱਲੀ ਦਾ ਤਖਤ ਸੰਭਾਲਿਆ, ਉਸ ਨੇ ਗੈਰ-ਮੁਸਲਮਾਨਾਂ ਪ੍ਰਤੀ ਸਖਤ ਨੀਤੀ ਅਪਣਾਈ। ਇਸ ਦਾ ਇਕ ਕਾਰਨ ਇਹ ਸੀ ਕਿ ਉਹ ਹਕੂਮਤ ਚਲਾਉਣ ਲਈ ਸ਼ਰਅੱਈ ਕੱਟੜਵਾਦੀਆਂ ਦੀ ਸਹਾਇਤਾ ਦਾ ਮੁਹਥਾਜ ਸੀ। ਵਿਸ਼ੇਸ਼ ਕਰਕੇ ਨਕਸ਼ਬੰਦੀ ਫਿਰਕੇ ਦਾ ਸ਼ੇਖ ਅਹਿਮਦ ਸਰਹੰਦੀ ਉਸ ਦਾ ਮੁੱਖ ਸਲਾਹਕਾਰ

ਸੀ। ਜਹਾਂਗੀਰ ਦੀ ਇਸ ਕੱਟੜ ਨੀਤੀ ਦਾ ਸ਼ਿਕਾਰ ਸਭ ਤੋਂ ਪਹਿਲਾਂ ਗੁਰੂ-ਘਰ ਬਣਿਆ ਜਿਸ ਸਬੰਧੀ ਉਸ ਨੂੰ ਝੂਠੇ ਸੱਚੇ ਕਈ ਕਿੱਸੇ ਸੁਣਾਏ ਗਏ ਜਿਵੇਂ ਕਿ ਉਹ ਤੁਜ਼ਕੇ-ਜਹਾਂਗੀਰੀ ਵਿਚ ਲਿਖਦਾ ਹੈ ਕਿ ਬਹੁਤ ਸਾਰੇ ਭੋਲੇ ਹਿੰਦੂ ਅਤੇ ਕੁਝ ਮੂਰਖ ਮੁਸਲਮਾਨ ਵੀ ਉਸ (ਗੁਰੂ ਅਰਜਨ ਦੇਵ ਜੀ) ਦੇ ਸ਼ਿਸ਼ ਬਣੇ ਹੋਏ ਹਨ। ਉਹ ਲਿਖਦਾ ਕਿ ਬੜੇ ਸਮੇਂ ਤੋਂ ਇਹ ਖਿਆਲ ਮੇਰੇ ਅੰਦਰ ਚਲ ਰਿਹਾ ਸੀ ਕਿ ਗੁਰੂ ਨਾਨਕ ਦੇਵ ਤੋਂ ਚਲੀ ਆ ਰਹੀ ਇਹ ਝੂਠ ਦੀ ਦੁਕਾਨ ਜਾਂ ਤਾਂ ਬੰਦ ਕਰ ਦਿਤੀ ਜਾਵੇ ਜਾਂ ਫਿਰ ਇਸ (ਗੁਰੂ ਜੀ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਜਾਵੇ।

ਜਹਾਂਗੀਰ ਦੇ ਤਖਤ ਤੇ ਬੈਠਣ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਉਸ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ ਅਤੇ ਲਾਹੌਰ ਜਾਂਦਿਆਂ ਉਹ ਕੁਝ ਸਮਾਂ ਗੋਇੰਦਵਾਲ ਸਾਹਿਬ ਰੁਕਿਆ ਅਤੇ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਮਹਿਮਾ ਪ੍ਰਕਾਸ਼ ਅਨੁਸਾਰ ਉਸ ਨੇ ਲੰਗਰ ਵਿਚੋਂ ਭੋਜਨ ਛਕਿਆ ਅਤੇ ਅਗਲੇ ਦਿਨ ਲਾਹੌਰ ਵਲ ਤੁਰ ਗਿਆ। ਜਦੋਂ ਵਿਦਰੋਹ ਖਤਮ ਹੋ ਗਿਆ ਅਤੇ ਖੁਸਰੋ ਫੜ ਲਿਆ ਗਿਆ ਤਾਂ ਜਹਾਂਗੀਰ ਨੇ ਉਨ੍ਹਾਂ ਸਭ ਲੋਕਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਿਨ੍ਹਾਂ ਨੇ ਖੁਸਰੋ ਦੀ ਸਹਾਇਤਾ ਕੀਤੀ ਸੀ। ਸੰਕੀਰਣ ਦ੍ਰਿਸ਼ਟੀ ਵਾਲੇ ਕੱਟੜਵਾਦੀਆਂ ਲਈ ਇਹ ਉਚਿਤ ਮੌਕਾ ਸੀ। ਗੁਰੂ ਜੀ ਬਾਰੇ ਐਸੀ ਹੀ ਸ਼ਿਕਾਇਤ ਕੀਤੀ ਗਈ ਅਤੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਜੀ ਤੇ ਭਾਰੀ ਜੁਰਮਾਨਾ ਕੀਤਾ ਗਿਆ, ਜਿਸਨੂੰ ਉਚਿਤ ਨਾ ਸਮਝਦਿਆਂ ਗੁਰੂ ਜੀ ਨੇ ਦੇਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਕਿਲੇ ਵਿਚ ਬੰਦ ਕਰ ਦਿਤਾ ਗਿਆ ਅਤੇ 'ਯਾਸਾ' ਕਾਨੂੰਨ ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਨੂੰ ਦੁਖ ਦੇਣ ਲਈ ਤੱਤੀ ਤਵੀ ਤੇ ਬੈਠਣ ਦੇ ਆਦੇਸ਼ ਦਿਤੇ ਗਏ, ਗਰਮ ਸੜਦਾ ਰੇਤਾ ਸੀਸ ਤੇ ਪਾਇਆ ਗਿਆ ਅਤੇ ਗਰਮ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਗੁਰੂ ਜੀ ਦਾ ਮਿੱਤਰ ਹਜ਼ਰਤ ਮੀਆਂ ਮੀਰ ਉਨ੍ਹਾਂ ਨੂੰ ਮਿਲਣ ਆਇਆ ਅਤੇ ਇਹ ਸਭ ਵੇਖ ਕੇ ਬਹੁਤ ਦੁਖੀ ਹੋਇਆ। ਉਸ ਨੇ ਕੁਝ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਭਾਣੇ ਵਿਚ ਰਹਿਣ ਦਾ ਆਦੇਸ਼ ਦਿਤਾ।

ਗੁਰੂ ਜੀ ਨੂੰ ਸਾਰੇ ਸਾਕੇ ਦਾ ਪਹਿਲਾਂ ਤੋਂ ਗਿਆਨ ਸੀ। ਉਨ੍ਹਾਂ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦੇਣਾ ਸੀ ਜਿਸ ਲਈ ਭਾਣੇ ਵਿਚ ਰਹਿਣ ਅਤੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁੱਧ ਡਟ ਜਾਣ ਦੀ ਮਿਸਾਲ ਕਾਇਮ ਕਰਨੀ ਜ਼ਰੂਰੀ ਸੀ। ਜਦੋਂ ਅੰਦਰ ਨਾਮ ਦੀ ਪ੍ਰਮਾਤਮ-ਸ਼ਕਤੀ ਹੋਵੇ, ਤਾਂ ਸਰੀਰਕ ਦੁੱਖ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ। ਸੱਚ ਲਈ ਸ਼ਹੀਦ ਹੋਣ ਦਾ ਸਬਕ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਰਾਹੀਂ ਦਿਤਾ। ਐਸਾ ਉਨ੍ਹਾਂ ਦੇ ਅਨੁਭਵ ਵਿਚ ਸੀ। ਏਸੇ ਲਈ ਹਰਿਗੋਬਿੰਦ ਸਾਹਿਬ ਜੀ ਨੂੰ ਬਚਪਨ ਤੋਂ ਹੀ ਸ਼ਸਤਰ ਵਿਦਿਆ, ਘੋੜ ਸਵਾਰੀ, ਨੇਜ਼ੇਬਾਜ਼ੀ ਵਿਚ ਨਿਪੁੰਨ ਕੀਤਾ ਸੀ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਆਦਰਸ਼ ਦੀ ਪੂਰਤੀ ਹਿਤ ਹੀ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਸਨ, ਅਕਾਲ ਤਖਤ ਦੀ ਰਚਨਾ ਕੀਤੀ ਅਤੇ ਸਿੱਖ ਸੰਗਤ ਨੂੰ ਸ਼ਸਤਰਧਾਰੀ ਹੋਣ ਦੇ ਆਦੇਸ਼ ਦਿਤੇ। ਇਸ ਤਰ੍ਹਾਂ ਸਿੱਖ ਕੌਮ ਜ਼ਬਰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਲੱਗੀ। ਏਸ ਆਦਰਸ਼ ਦੀ ਪੂਰਤੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਪੂਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਸੰਤ-ਸਿਪਾਹੀ ਦਾ ਸਰੂਪ ਮੀਰੀ ਪੀਰੀ ਦੇ ਸਿਧਾਂਤ ਨੂੰ ਹੀ ਅਮਲ ਵਿਚ ਲਿਆਂਦਾ ਹੈ।

ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ 15 ਅਪ੍ਰੈਲ 1563 ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬੀਬੀ ਭਾਨੀ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਬਚਪਨ ਤੋਂ ਹੀ ਉਚੀ ਬਿਰਤੀ ਦੇ ਮਾਲਕ ਹੋਣ ਅਤੇ ਧਾਰਮਿਕ ਕਾਰਜਾਂ ਵਿਚ ਪ੍ਰਵਿਰਤੀ ਰੱਖਣ ਕਾਰਨ ਆਪ ਜੀ ਨੂੰ ਪਿਤਾ-ਗੁਰੂ ਦਾ ਵਿਸ਼ੇਸ਼ ਪਿਆਰ ਪ੍ਰਾਪਤ ਸੀ। ਇਸ ਨਾਲ ਵੱਡੇ ਭਰਾਤਾ ਪ੍ਰਿਥੀ ਚੰਦ ਨੂੰ ਆਪ ਨਾਲ ਈਰਖਾ ਹੋਣ ਲਗ ਪਈ, ਉਸ ਨੂੰ ਡਰ ਸੀ ਕਿ ਗੁਰੂ-ਪਿਤਾ ਦੀਆਂ ਮਿਹਰਬਾਨੀਆਂ ਦਾ ਪਾਤਰ ਹੋਣ ਕਾਰਨ ਛੋਟਾ ਭਰਾ ਗੁਰਗੱਦੀ ਦਾ ਵਾਰਸ ਹੀ ਨਾ ਬਣ ਜਾਵੇ। ਵੱਡਾ ਪੁੱਤਰ ਹੋਣ ਦੀ ਹੈਸੀਅਤ ਵਿਚ ਉਹ ਇਸ ਨੂੰ ਆਪਣਾ ਹੱਕ ਸਮਝਦਾ ਸੀ ਪਰ ਗੁਰੂ ਘਰ ਵਿਚ ਗੁਰੂ ਦੀ ਚੋਣ ਸੱਚ ਦੀ ਕਸਵੱਟੀ ਤੇ ਪਰਖ ਕੇ ਕੀਤੀ ਜਾਂਦੀ ਰਹੀ ਹੈ।

ਆਪ ਜੀ ਦੀ ਯੋਗਤਾ ਨੂੰ ਧਿਆਨ ਵਿਚ

ਰਖਦਿਆਂ ਪਹਿਲੀ ਸਤੰਬਰ 1581 ਈ. ਨੂੰ ਆਪ ਜੀ ਨੂੰ ਪੰਜਵੇਂ ਗੁਰੂ ਸਥਾਪਤ ਕੀਤਾ ਗਿਆ। ਆਪ ਜੀ ਨੇ ਗੁਰੂ ਨਾਨਕ ਸਾਹਿਬ ਵਲੋਂ ਸੰਚਾਲਨ ਕੀਤੇ ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਅਤੇ ਸ੍ਵੈ ਨਿਰਭਰ ਬਣਾਇਆ। ਇਕ ਪਾਸੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ ਸਿੱਖ ਸੰਗਤ ਨੂੰ ਇਕ ਨਵਾਂ ਧਰਮ ਕੇਂਦਰ ਬਖਸ਼ਿਆ, ਦੂਜੇ ਬੰਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰੂ-ਵਿਰਸੇ ਦੀ ਨਾ ਕੇਵਲ ਸੰਭਾਲ ਕੀਤੀ ਸਗੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਵਸੀਲਾ ਪ੍ਰਦਾਨ ਕੀਤਾ। ਨਾਲ ਹੀ ਆਪ ਜੀ ਨੇ ਸ਼ਬਦ ਕੀਰਤਨ ਦੀ ਇਲਾਹੀ ਦਾਤ ਸਿੱਖ ਸੰਗਤਾਂ ਨੂੰ ਬਖਸ਼ੀ ਅਤੇ ਉਨ੍ਹਾਂ ਨੂੰ ਆਪ ਕੀਰਤਨ ਕਰਨ ਦਾ ਉਤਸ਼ਾਹ ਦਿਤਾ। ਅੰਮ੍ਰਿਤਸਰ ਸ਼ਹਿਰ ਨੂੰ ਹਰ ਪੱਖੋਂ ਉਜਾਗਰ ਕਰਨ ਲਈ ਵਪਾਰੀਆਂ, ਕਿਸਾਨਾਂ ਅਤੇ ਮਿਹਨਤੀ ਕਾਰੀਗਰਾਂ ਨੂੰ ਕੰਮ, ਰੋਜ਼ਗਾਰ ਵਿਚ ਹੌਂਸਲਾ ਦਿਤਾ ਅਤੇ ਮਾਲੀ ਇਮਦਾਦ ਵੀ ਕੀਤੀ। ਧਰਮ ਕਾਰਜਾਂ ਦੀ ਸਹੂਲਤ ਹਿਤ ਆਪ ਜੀ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ ਜਿਸ ਨਾਲ ਸਿੱਖ ਸੰਗਠਨ ਆਰਥਿਕ ਪੱਖੋਂ ਵੀ ਮਜ਼ਬੂਤ ਹੋਇਆ। ਮਨੁੱਖ ਜਾਤੀ ਦੇ ਭਲੇ ਲਈ ਕਈ ਕਾਰਜ ਆਰੰਭੇ। ਤਰਨਤਾਰਨ ਸਾਹਿਬ ਵਿਖੇ ਭਿਆਨਕ ਰੋਗੀਆਂ ਅਤੇ ਕੋਹੜੀਆਂ ਦੇ ਇਲਾਜ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਛੇਹਰਟਾ ਸਾਹਿਬ ਅਤੇ ਹੋਰ ਅਸਥਾਨਾਂ ਤੇ ਖੂਹ ਲਵਾ ਕੇ ਪਾਣੀ ਦੀ ਕਿਲਤ ਨੂੰ ਦੂਰ ਕੀਤਾ।

ਆਪ ਜੀ ਦੀ ਸਭ ਤੋਂ ਸ੍ਰੇਸ਼ਠ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ ਜੋ ਸਿੱਖ ਸੰਗਤਾਂ ਦੀ ਭਗਤੀ ਭਾਵਨਾ ਦਾ ਕੇਂਦਰ ਸਿੱਧ ਹੋਇਆ। 6000 ਸ਼ਬਦਾਂ ਦੇ ਇਸ ਸੰਗ੍ਰਹਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁਟ, ਪੰਦਰਾਂ ਵੱਖ-ਵੱਖ ਮੱਤ ਮਤਾਂਤਰਾਂ ਦੇ ਭਗਤਾਂ ਅਤੇ ਮੁਸਲਿਮ ਸੂਫੀ ਫਕੀਰ ਬਾਬਾ ਫਰੀਦ ਜੀ, ਭਗਤ ਭੀਖਣ ਜੀ ਦੀ ਬਾਣੀ ਸ਼ਾਮਲ ਕੀਤੀ ਗਈ। (ਬਾਅਦ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਸੰਮਿਲਤ ਕੀਤੀ ਗਈ) ਇਹ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮੱਧਕਾਲੀਨ ਭਾਰਤੀ ਧਾਰਮਿਕ ਸਾਹਿਤ ਦੇ ਪ੍ਰਮੁੱਖ ਗਿਆਤਾ ਸਨ ਅਤੇ ਵੱਖ-ਵੱਖ ਸੰਸਕ੍ਰਿਤੀਆਂ, ਲੋਕ ਧਾਰਾਵਾਂ, ਪਰੰਪਰਾਵਾਂ ਅਤੇ ਵੱਖ-ਵੱਖ ਭਾਸ਼ਾਵਾਂ ਦਾ ਵੀ ਪੂਰਾ ਗਿਆਨ ਰਖਦੇ ਸਨ। 16 ਅਗਸਤ 1604 ਨੂੰ ਬੜੀ ਸ਼ਾਨ ਸ਼ੌਕਤ ਨਾਲ ਗੁਰਦਵਾਰਾ ਰਾਮਸਰ ਤੋਂ ਦਰਬਾਰ ਸਾਹਿਬ ਵਿਖੇ ਸਜੀ ਹੋਈ ਪਾਲਕੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਗਿਆ ਅਤੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਕੀਤਾ, ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ਅਤੇ ਗੁਰੂ ਮਹਾਰਾਜ ਆਪ ਚੌਰ ਕਰਦੇ ਰਹੇ। ਪ੍ਰਕਾਸ਼ ਕਰਨ ਤੇ ਪਹਿਲਾ ਹੁਕਮਨਾਮਾ ਇਹ ਬਖਸ਼ਿਸ਼ ਹੋਇਆ -

*ਸੂਹੀ ਮਹਲਾ ੫ ॥*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ ॥*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ ॥*
*ਜੈ ਜੈ ਕਾਰੁ ਭਇਆ ਜਗ ਅੰਤਰਿ*
*ਲਾਥੇ ਸਗਲ ਵਿਸੂਰੇ ॥*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ ॥ ੧ ॥* *ਅੰਗ - ੭੮੩*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਸੰਮਿਲਤ ਹੋਣੀ ਪਰੰਪਰਾਈ ਲੋਕਾਂ ਲਈ ਇਕ ਅਜੀਬ ਘਟਨਾ ਸੀ। ਇਥੋਂ ਤਕ ਕਿ ਮੁਗਲ ਸੁਲਤਾਨ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਇਸ ਗ੍ਰੰਥ ਵਿਚ ਦੂਜੇ ਧਰਮਾਂ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਉਸ ਸਮੇਂ ਬਟਾਲੇ ਵਿਖੇ ਠਹਿਰਿਆ ਹੋਇਆ ਸੀ ਅਤੇ ਉਸ ਨੇ ਗੁਰੂ ਜੀ ਪਾਸੋਂ ਇਸ ਬਾਰੇ ਪੁੱਛ ਭੇਜੀ। ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਰਸ਼ਨਾਂ ਹਿਤ ਭੇਜੀ। ਬੀੜ ਪ੍ਰਕਾਸ਼ੀ ਗਈ ਅਤੇ ਬਾਦਸ਼ਾਹ ਅਕਬਰ ਦੇ ਇਸ਼ਾਰੇ ਤੇ ਵੱਖ-ਵੱਖ ਅੰਗਾਂ ਤੋਂ ਸ਼ਬਦ ਪੜ੍ਹੇ ਗਏ। ਹਰ ਸ਼ਬਦ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਹੀ ਪ੍ਰਸੰਗ ਸੁਣ ਕੇ ਅਕਬਰ ਬਹੁਤ ਖੁਸ਼ ਹੋਇਆ ਤੇ ਉਸ ਨੇ 51 ਮੋਹਰਾਂ ਮੱਥਾ ਟੇਕਿਆ। ਉਸ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਖਿਲਤਾਂ ਦਿਤੀਆਂ ਅਤੇ ਗੁਰੂ ਜੀ ਲਈ ਆਦਰ ਵਜੋਂ ਖਿਲਤ ਭੇਜੀ। ਇਸ

ਤੋਂ ਪਹਿਲਾਂ ਨਵੰਬਰ 1598 ਵਿਚ ਅਕਬਰ ਗੋਇੰਦਵਾਲ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਤੋਂ ਆਤਮ ਸੇਧ ਪ੍ਰਾਪਤ ਕਰਨ ਆਇਆ ਸੀ। ਜਦ ਅਕਬਰ ਨੇ ਗੁਰੂ ਜੀ ਦੀ ਸੇਵਾ ਦਾ ਖਿਆਲ ਪ੍ਰਗਟ ਕੀਤਾ ਤਾਂ ਆਪ ਨੇ ਪੰਜਾਬ ਦਾ ਮਾਲੀਆ ਮਾਫ ਕਰਨ ਲਈ ਕਿਹਾ ਜੋ 10-12 ਫੀ ਸਦੀ ਮਾਫ ਕਰ ਦਿਤਾ ਗਿਆ।

ਗੁਰੂ ਜੀ ਆਪ ਹਰ ਸਮੇਂ ਰੱਬੀ ਮਿਹਰ ਅਤੇ ਰੱਬੀ ਪਿਆਰ ਵਿਚ ਮਖਮੂਰ ਰਹਿੰਦੇ ਸਨ। ਇਹ ਗੱਲ ਉਨ੍ਹਾਂ ਦੀ ਬਾਣੀ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੱਗਭੱਗ ਤੀਜਾ ਭਾਗ, 2000 ਸ਼ਬਦ ਆਪ ਜੀ ਦੀ ਰਚਨਾ ਹਨ ਜਿਨ੍ਹਾਂ ਵਿਚ ਪ੍ਰਭੂ ਪਿਆਰ ਦੀਆਂ ਤਰੰਗਾਂ, ਪ੍ਰਭੂ ਮਿਲਾਪ ਦੇ ਅਨੂਠੇ ਅਨੁਭਵ, ਪ੍ਰਭੂ ਦਰਸ਼ਨ ਦੀ ਵਿਆਕੁਲਤਾ, ਗੁਰੂ ਅਤੇ ਸਿੱਖ ਦਾ ਪਰਸਪਰ ਪਿਆਰ ਛਲਕਾਂ ਮਾਰਦਾ ਹੈ। ਇਹ ਬਾਣੀ ਸਰਬ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੈ ਅਤੇ ਸਨੇਹ ਭਰੇ ਨਵੇਂ ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਕੋਈ ਊਚ-ਨੀਚ, ਜਾਤ-ਪਾਤ, ਅਮੀਰੀ-ਗਰੀਬੀ, ਰੰਗ ਰੂਪ ਦਾ ਭੇਦ ਨਹੀਂ ਜੋ '***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' (ਅੰਗ-97)*** ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਆਪ ਜੀ ਦੀ ਸੁ-ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਨੂੰ ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿਚ ਤਰਜਮਾਇਆ ਗਿਆ ਹੈ ਅਤੇ ਇਸ ਨੂੰ ਸੰਸਾਰ ਦੀ ਸਰਵੋਤਮ ਸ੍ਰੇਸ਼ਠ ਬਾਣੀ ਮੰਨਿਆ ਗਿਆ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਰਬ ਮਨੁੱਖਤਾ ਹਿਤ ਪਿਆਰ ਅਤੇ ਸੇਵਾ ਕਾਰਨ ਸਿੱਖ ਲਹਿਰ ਗੁਰੂ ਮਹਾਰਾਜ ਦੇ ਸਮੇਂ ਵਿਚ ਬਹੁਤ ਪ੍ਰਫੁੱਲਤ ਹੋਈ। ਫਾਰਸੀ ਰਚਨਾ ਦਬਸਤਾਨੇ-ਮਜ਼ਾਹਬ ਵਿਚ ਲਿਖਿਆ ਹੈ ਕਿ ਹਰ ਗੁਰੂ ਵਿਅਕਤੀ ਪੰਗਤ ਸੰਗਤ ਅਤੇ ਬਾਣੀ ਰਾਹੀਂ ਸਿੱਖੀ ਵਿਚ ਵਾਧਾ ਕਰਦੇ ਰਹੇ ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਕੋਈ ਐਸਾ ਸ਼ਹਿਰ ਨਹੀਂ ਸੀ ਜਿਥੇ ਸਿੱਖ ਸੰਗਤ ਨਾ ਹੋਵੇ। ਬਾਅਦ ਵਿਚ ਆਪ ਜੀ ਦੀ ਹਰਮਨ ਪਿਆਰਤਾ ਹੀ ਆਪ ਜੀ ਦੀ ਸ਼ਹੀਦੀ ਦਾ ਕਾਰਨ ਬਣੀ। ਜਦੋਂ ਰਾਜ ਦੀ ਵਾਗਡੋਰ ਝੂਠੇ ਵਿਅਕਤੀਆਂ ਪਾਸ ਆ ਜਾਂਦੀ ਹੈ ਤਾਂ ਉਹ ਸੱਚ ਦੇ ਚਾਨਣ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਉਨ੍ਹਾਂ ਦਾ ਝੂਠ ਦਾ ਅਨ੍ਹੇਰਾ ਸੱਚ ਦੀ ਰੌਸ਼ਨੀ ਵਿਚ ਪਸਰ ਨਹੀਂ ਸਕਦਾ। ਇਸ ਲਈ ਉਹ 'ਸੱਚ ਦੇ ਮਾਰਗ' ਨੂੰ ਝੂਠ ਦੀ ਦੁਕਾਨ ਗਰਦਾਨ ਕੇ ਹਮੇਸ਼ਾ ਲਈ ਖਤਮ ਕਰਨ ਦਾ ਫੈਸਲਾ ਲੈ ਲੈਂਦੇ ਹਨ।

ਜਿੰਨੀ ਮਹਾਨ ਅਤੇ ਸੱਚੀ ਸੁੱਚੀ ਕਿਸੇ ਦੀ ਸਖਸ਼ੀਅਤ ਹੁੰਦੀ ਹੇ, ਓਨਾ ਵਧੇਰੇ ਹੀ ਉਸ ਸਖਸ਼ੀਅਤ ਦੀ ਕੁਰਬਾਨੀ ਦਾ ਲੋਕ ਮਨਾਂ ਤੇ ਪ੍ਰਤੀਕਰਮ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਆਪ ਪ੍ਰਮਾਤਮ ਸਰੂਪ ਸਨ, ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਮੂਰਤ ਸਨ, ਆਪ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜੀਉਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ। ਭਾਈ ਗੁਰਦਾਸ ਜੀ ਆਪ ਜੀ ਦੀ ਸਖਸ਼ੀਅਤ ਨੂੰ ਨਿਮਨ ਪਉੜੀ ਵਿਚ ਬਿਆਨ ਕਰਦੇ ਹਨ -

*ਰਹਿਦੇ ਗੁਰ ਦਰੀਆਉ ਵਿਚਿ ਮੀਨ ਕੁਲੀਨ ਹੇਤੁ*
*ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ*
*ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰ ਉਪਦੇਸ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ*
*ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ।*

***ਭਾਈ ਗੁਰਦਾਸ ਜੀ, ਵਾਰ ੨੪/੨੩***

ਭੱਟਾਂ ਨੇ ਗੁਰੂ ਮਹਾਰਾਜ ਦੀ ਸਖਸ਼ੀਅਤ ਨੂੰ ਬਖੂਬੀ ਪਛਾਣਿਆ ਅਤੇ ਆਪਣੇ ਅਨੁਭਵ ਸਵੱਈਏ ਮਹਲਾ ਪੰਜਵਾਂ ਵਿਚ ਲਿਖੇ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ। ਭੱਟ ਕਲ੍ਹ ਅਨੁਸਾਰ ਗੁਰੂ ਜੀ ਨੇ ਜਨਮ ਤੋਂ ਹੀ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣ ਲਿਆ ਸੀ, 'ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।' ਆਪ ਬਚਪਨ ਤੋਂ ਹੀ ਪੂਰੇ ਖਿੜਾਉ ਵਿਚ ਰਹਿੰਦੇ, ਹਿਰਦੇ ਵਿਚ ਸਦਾ ਸ਼ਬਦ ਵਸਦਾ, ਮਾਣਕ-ਰੂਪ ਮਨ ਵਿਚ ਸੰਤੋਖ ਟਿਕਿਆ ਰਹਿੰਦਾ ਕਿਉਂਕਿ ਪਿਤਾ ਗੁਰੂ ਰਾਮਦਾਸ ਨੇ ਜਨਮ ਤੋਂ ਆਪ ਨੂੰ ਨਾਮ ਦ੍ਰਿੜ੍ਹ ਕਰਵਾ ਦਿਤਾ ਸੀ, ਪਾਰਬ੍ਰਹਮ ਪ੍ਰਮੇਸ਼ਰ ਦੇ ਦਰਸ਼ਨ ਕਰਵਾ ਦਿਤੇ ਸੀ -

(ਬਾਕੀ ਪੰਨਾ 37 'ਤੇ)

*ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥*
*ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥*
*ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥*
*ਅੰਗ - ੧੪੦੭*

ਸੰਤੋਖ ਵਿਚ ਵਿਚਰਦੇ, ਨਿਰਮਲ ਬੁੱਧੀ ਵਾਲੇ ਗੁਰੂ ਅਰਜਨ ਦੇਵ ਜੀ ਜੂਨਾਂ ਤੋਂ ਰਹਿਤ, ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ -

*ਖੇਲੁ ਗੂੜ੍ਹਉ ਕੀਅਉ ਹਰਿ ਰਾਇ*
*ਸੰਤੋਖਿ ਸਮਾਚਰ੍ਹਿਓ ਬਿਮਲ ਬੁਧਿ ਸਤਿਗੁਰਿ ਸਮਾਣਉ ॥*
*ਆਜੋਨੀ ਸੰਭਵਿਅਉ ਸੁਜਸੁ ਕਲ੍ਹ ਕਵੀਅਣਿ ਬਖਾਣਿਅਉ ॥*
*ਅੰਗ - ੧੪੦੭*

ਗੁਰੂ ਅਰਜਨ ਸਾਹਿਬ ਸਦਜੀਵੀ ਹਨ, ਆਪ ਦਾ ਮੁੱਲ ਨਹੀਂ ਪੈ ਸਕਦਾ, ਆਪ ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ, ਭੈ ਦੂਰ ਕਰਨ ਵਾਲੇ, ਪਰਾਏ ਦੁਖ ਨਿਵਾਰਨ ਵਾਲੇ, ਗਿਆਨ ਸਰੂਪ ਬੇਅੰਤ ਗੁਣਾਂ ਦੇ ਮਾਲਕ ਹਨ -

*ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥*
*ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥*
*ਅੰਗ - ੧੪੦੭*

ਮਥਰਾ ਭੱਟ ਆਪ ਜੀ ਦੀ ਸ਼ਖਸ਼ੀਅਤ ਦੇ ਗੁਣ ਵਰਣਨ ਕਰਦਾ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਨੇ ਸਤਿ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਅਤੇ ਹਿਰਦੇ ਵਿਚ ਹਰੀ ਨੂੰ ਟਿਕਾਇਆ ਹੋਇਆ ਹੈ। ਇਹ ਬਖਸ਼ਿਸ਼ਾਂ ਆਪ ਨੂੰ ਧੁਰ ਤੋਂ ਹੀ ਪ੍ਰਾਪਤ ਹਨ। ਆਪ ਦੇ ਅੰਦਰ ਹਰੀ ਦੀ ਜੋਤਿ ਜਗਮਗ-ਜਗਮਗ ਕਰ ਰਹੀ ਐ, ਆਪ ਦਾ ਤੇਜ ਪ੍ਰਤਾਪ ਧਰਤੀ ਤੇ ਛਾਇਆ ਹੋਇਆ ਹੈ।

ਪਾਰਸ ਗੁਰੂ ਦੀ ਛੋਹ ਪ੍ਰਾਪਤ ਕਰਕੇ ਆਪ ਗੁਰੂ ਰੂਪ ਹੋ ਗਏ। ਗੁਰ ਅਰਜਨ ਕਲਜੁਗ ਦੇ ਜਹਾਜ ਹਨ। ਹੇ ਦੁਨੀਆਂ ਦੇ ਲੋਕੋ! ਉਨ੍ਹਾਂ ਦੀ ਚਰਨੀ ਲਗ ਕੇ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਲੰਘ ਜਾਵੋ।

*ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥*
*ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥*
*ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥*
*ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥*
*ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥*
*ਅੰਗ- ੧੪੦੮*

ਚਲਿਆ। 1 ਜਨਵਰੀ ਨੂੰ ਨਵਾਂ ਸਾਲ ਗਿਣਦੇ ਹਾਂ। ਇਸੇ ਤਰ੍ਹਾਂ ਹਜ਼ਰਤ ਮੁਹੰਮਦ ਜੀ ਤੋਂ ਹਿਜਰੀ ਸੰਨ ਅਤੇ ਬਿਕਰਮਾਜੀਤ ਤੋਂ ਬ੍ਰਿਕਮੀ ਸੰਨ ਚੱਲੇ ਆਉਂਦੇ ਹਨ। ਬਾਬਾ ਜੀ ਨੇ, ਜਦੋਂ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ, ਤੁਖਾਰੀ ਰਾਗ ਦੇ ਵਿਚ ਇਹ ਬਾਰਹ ਮਾਹਾ ਸਾਰਾ ਵਰਨਣ ਕੀਤਾ ਕਿਉਂਕਿ ਸਮਾਂ ਜਦੋਂ ਵੀ ਮਹੀਨੇ ਦੀ ਸ਼ੁਰੂਆਤ ਹੈ, ਉਸ ਨੂੰ ਸੰਗਰਾਂਦ ਕਹਿੰਦੇ ਹਾਂ, ਜਿਹੜਾ ਸੂਰਜ ਦੇ ਨਾਲ ਸਬੰਧ ਰਖਦਾ ਹੈ। ਚੰਦਰਮਾ ਦੇ ਨਾਲ ਪੂਰਨਮਾਸ਼ੀ ਹੈ। ਸੋ ਇਸ ਤਰ੍ਹਾਂ ਦੇ ਇਹ ਗ੍ਰਹਿ ਚਾਲ ਹਨ, ਇਹਨਾਂ ਦਾ ਅਸਰ ਪੈਂਦਾ ਹੈ। ਪੁਰਾਤਨ ਸਮੇਂ ਤੋਂ ਚੱਲਿਆ ਆਉਂਦਾ ਹੈ ਕਿ ਕਿਸੇ ਭਲੇ ਪੁਰਸ਼ ਦੇ ਮੱਥੇ ਲੱਗੀਏ, ਦਿਨ ਸੋਹਣਾ ਲੰਘੇ। ਫਿਰ ਸੰਗਰਾਂਦ, ਮਹੀਨੇ ਦੀ ਸ਼ੁਰੂਆਤ ਹੋਵੇ। ਧੰਨ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਸਰਲ ਜਿਹੜਾ ਸਾਨੂੰ ਸਮਝ ਆ ਜਾਵੇ, ਆਪ ਜੀ ਉਚਾਰਨ ਕਰੋ। ਮਾਝ ਰਾਗ ਵਿਚ ਜਿੰਨਾਂ ਇਹ ਬਾਰਹ ਮਾਹਾ, ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਉਚਾਰਨ ਕੀਤਾ, ਉਹਦੇ ਵਿਚ ਸਾਨੂੰ ਇਹ ਦਸਿਆ ਹੈ ਕਿ ਕੀ ਕਰਨਾ ਚਾਹੀਦਾ ਹੈ। ਸੰਗਰਾਂਦ ਇਸੇ ਕਰਕੇ ਮਨਾਈ ਜਾਂਦੀ ਹੈ ਕਿ ਮਨ ਨੂੰ ਮਨਾਈਏ -

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ - ੩੪੦*

ਕਿਉਂਕਿ ਮਨ ਦੇ ਨਾਲ ਸਾਰਾ ਕੰਮ ਹੈ। ਮਨ ਦੌੜਦਾ ਹੈ, ਸਤਿਸੰਗ ਦੇ ਵਿਚ ਇਸ ਨੂੰ ਰੋਕਣ ਦੀਆਂ ਜੁਗਤੀਆਂ ਮਿਲਦੀਆਂ ਹਨ। ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੀ 'ਨਾਮ' ਹੈ।

*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ*
*ਜਗੁ ਧੂਏ ਕਾ ਧਵਲਹਰੁ ॥ ਅੰਗ- ੧੩੮*

ਸੋ ਇਹ ਜੁਗਤੀਆਂ ਹੁੰਦੀਆਂ ਹਨ ਜੋ ਮੁਕਤੀਆਂ ਕਰਾ ਦਿੰਦੀਆਂ ਹਨ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ- ੨੯੫*

ਇਸ ਤਰ੍ਹਾਂ ਸੁਰਤਿ ਨੂੰ ਸ਼ਬਦ ਨਾਲ ਜੋੜਨਾ ਹੈ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ- ੯੩੮*

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-55)*

**ਸਲੋਕ ਮਃ ੩ ॥**
**ਆਤਮਾ ਦੇਉ ਪੂਜੀਐ**
**ਗੁਰ ਕੈ ਸਹਜਿ ਸੁਭਾਇ ॥**

ਹੇ ਭਾਈ! ਗੁਰ=ਸਤਿਗੁਰਾਂ ਕੈ=ਦੇ ਉਪਦੇਸ਼ ਦੁਆਰਾ ਸਹਜਿ=ਸ਼ਾਂਤੀ ਸੁਭਾਇ=ਸੁਭਾਅ ਨੂੰ ਧਾਰਨ ਕਰਕੇ ਆਤਮਾ ਦੇਉ=ਪ੍ਰਕਾਸ਼ ਰੂਪ ਪਰਮੇਸ਼ਰ ਨੂੰ ਪੂਜੀਐ=ਪੂਜਣਾ ਕਰੀਏ ਵਾ:ਆਤਮਾ ਦੇਉ (ਆ+ਤਮਾ) ਆ=ਸਰਬ ਓਰ ਸੇ ਤਮਾ=ਅਤਿਸ਼ੇ ਕਰਕੇ ਪ੍ਰਾਪਤ ਹੋਣ ਯੋਗ ਦੇਉ=ਪ੍ਰਕਾਸ਼ ਰੂਪ ਪ੍ਰਮੇਸ਼ਰ ਨੂੰ ਪੂਜਣਾ ਕਰੀਏ।

**ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ**
**ਤਾ ਘਰ ਹੀ ਪਰਚਾ ਪਾਇ ॥**

ਜਦੋਂ ਆਤਮੇ=ਮਨ ਨੂੰ ਆ+ਤਮੇ ਆ=ਸਰਬ ਓਰ ਸੇ ਤਮੇ=ਅਤਿਸ਼ੈ ਕਰਕੇ ਪ੍ਰਾਪਤ ਰੂਪ ਭਾਵ ਆਤਮਿਕ ਸਰੂਪ ਦੀ ਪ੍ਰਤੀਤਿ=ਗਿਆਤ ਵਾ: ਭਰੋਸਾ ਹੋਇ=ਹੋ ਜਾਵੇ ਵਾ:ਜਦੋਂ ਆਤਮੇ=ਮਨ ਨੂੰ ਗੁਰੂ ਦੀ ਕ੍ਰਿਪਾ ਕਰਕੇ ਆਤਮੇ=ਪਰਮੇਸ਼ਰ ਦੀ ਪ੍ਰਤੀਤੀ ਹੋਇ=ਹੋ ਜਾਵੇ ਤਾ=ਤਦ ਹੀ ਹਿਰਦੇ ਰੂਪੀ ਘਰ ਦੇ ਅੰਦਰ ਪ੍ਰੇਮ ਦਾ ਪਰਚਾ ਪਾਇ=ਪੈ ਜਾਂਦਾ ਹੈ ਵਾ: ਪਰਚਾ=ਗਿਆਨ ਪੈਦਾ ਹੋ ਜਾਂਦਾ ਹੈ ਅਥਵਾ ਆਪਣੇ ਆਤਮਾ ਨੂੰ ਜਦੋਂ ਪਰਮ ਆਤਮਾ ਭਾਵ ਪਰਮੇਸ਼ਰ ਦੀ ਪ੍ਰਤੀਤੀ ਹੋ ਆਉਂਦੀ ਹੈ ਤਾਂ ਘਰ=ਸਰੀਰ ਦੇ ਵਿਚ ਹੀ ਸੱਚ ਸਰੂਪ ਦੀ ਪਰਚਾ=ਵਾਕਫੀਅਤ ਭਾਵ ਲੱਖਤਾ ਪਾ ਲਈਦੀ ਹੈ।

**ਆਤਮਾ ਅਡੋਲੁ ਨ ਡੋਲਈ**
**ਗੁਰ ਕੈ ਭਾਇ ਸੁਭਾਇ ॥**

ਜਦੋਂ ਆਤਮਾ=ਮਨ ਅਡੋਲੁ=ਅਚੱਲ ਹੋ ਜਾਂਦਾ ਹੈ ਤਾਂ ਉਹ ਜੰਮਣ ਮਰਣ, ਬਾਲ, ਬਿਰਧ, ਯੁਵਾ ਅਵਸਥਾ ਵਾ: ਵਾਸ਼ਨਾ ਕਰਕੇ ਲੋਕ ਪ੍ਰਲੋਕ ਦੇ ਪਦਾਰਥਾਂ ਵਿਚ ਡੋਲਈ=ਡੋਲਦਾ ਨ=ਨਹੀਂ ਹੈ। ਜੇਕਰ ਗੁਰ=ਸਤਿਗੁਰਾਂ ਕੈ=ਦੇ ਭਾਇ=ਅਨੁਸਾਰ ਹੋ ਕੇ ਸੁਭਾਇ=ਪ੍ਰਕਾਸ਼ ਰੂਪ ਵਿਚ ਜੁੜ ਜਾਵੇ ਭਾਵ ਸੁਭਾਵਿਕ ਹੀ ਗੁਰੂ ਸਾਹਿਬ ਜੀ ਦਾ ਭਾਇ=ਪ੍ਰੇਮ ਪੈਦਾ ਹੋ ਜਾਵੇ।

**ਗੁਰ ਵਿਣੁ ਸਹਜੁ ਨ ਆਵਈ**
**ਲੋਭੁ ਮੈਲੁ ਨ ਵਿਚਹੁ ਜਾਇ ॥**

ਗੁਰੂ ਤੋਂ ਵਿਣੁ=ਬਗੈਰ ਕਿਸੇ ਨੂੰ ਵੀ ਸੱਚ ਸਰੂਪ ਦਾ ਸਹਜੁ=ਗਿਆਨ ਨਹੀਂ ਆਵਈ=ਆ ਸਕਦਾ ਅਤੇ ਨਾ ਹੀ ਧਨ, ਪਦਾਰਥ ਆਦਿ ਜੋੜਨ ਦੀ ਲੋਭੁ=ਲਾਲਚ ਰੂਪ ਮੈਲ ਜੀਵ ਦੇ ਵਿਚਹੁ=ਅੰਦਰੋਂ ਜਾਇ=ਜਾਂਦੀ ਹੈ।

**ਖਿਨੁ ਪਲੁ ਹਰਿ ਨਾਮੁ ਮਨਿ ਵਸੈ**
**ਸਭ ਅਠਸਠਿ ਤੀਰਥ ਨਾਇ ॥**

ਹੇ ਭਾਈ! ਜੇਕਰ ਛਿਨ ਪਲ ਵੀ ਹਰਿ=ਪਰਮੇਸ਼ਰ ਦਾ ਨਾਮ ਵਿਚ ਵਸੈ=ਵਸ ਜਾਵੇ ਤਾਂ ਘਰ ਬੈਠਿਆਂ ਹੀ ਸਭ=ਸਾਰੇ ਅਠਾਹਠ ਤੀਰਥਾਂ ਦੇ ਨਾਇ=ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

**ਸਚੇ ਮੈਲੁ ਨ ਲਗਈ**
**ਮਲੁ ਲਾਗੈ ਦੂਜੈ ਭਾਇ ॥**

ਜਿਹੜੇ ਸੱਚੇ ਨਾਮ ਨੂੰ ਜਪਦੇ ਹਨ, ਉਨ੍ਹਾਂ ਨੂੰ ਅਵਿੱਦਿਆ, ਪਾਪਾਂ ਦੀ ਮਲੁ=ਮੈਲ ਲਾਗੈ=ਨਹੀਂ ਲੱਗਦੀ ਹੈ। ਭਾਵ ਸੱਚੇ ਵਿਚ ਜੁੜੇ ਹੋਏ ਨੂੰ ਮੈਲ ਨਹੀਂ ਲਗਦੀ, ਮੈਲ (ਸਦਾ) ਮਾਇਆ ਦੇ ਪਿਆਰ ਵਿਚ ਲਗਦੀ ਹੈ।

**ਧੋਤੀ ਮੂਲਿ ਨ ਉਤਰੈ**
**ਜੇ ਅਠਸਠਿ ਤੀਰਥ ਨਾਇ ॥**

ਜੀਵਾਂ ਨੂੰ ਦਵੈਤ ਭਾਵ ਦੀ ਲੱਗੀ ਹੋਈ ਮੈਲ ਬਾਹਰੋਂ ਸਰੀਰ ਨੂੰ ਧੋਤੀ=ਧੋਣ ਨਾਲ ਮੂਲਿ=ਮੁੱਢ ਭਾਵ ਉੱਕਾ ਹੀ ਨ=ਨਹੀਂ ਉਤਰੈ=ਉਤਰਦੀ। ਜੇ-ਜੇਕਰ ਉਹ ਅਠਸਠਿ=ਅਠਾਹਠ ਤੀਰਥਾਂ ਦਾ ਨਾਇ=ਇਸ਼ਨਾਨ ਵੀ ਕਰ ਲੈਣ।

**ਮਨਮੁਖ ਕਰਮ ਕਰੇ ਅਹੰਕਾਰੀ**
**ਸਭੁ ਦੁਖੋ ਦੁਖੁ ਕਮਾਇ ॥**

ਮਨਮੁਖ ਲੋਕ ਅਹੰਕਾਰੀ=ਹੰਕਾਰ ਦੇ ਸਹਿਤ ਹੋ ਕੇ ਕਰਮਾਂ ਨੂੰ ਕਰੇ=ਕਰਦੇ ਹਨ। ਇਸ ਕਰਕੇ ਸਭੁ=ਸਾਰਿਆਂ ਨੂੰ ਦੁੱਖ ਦਿੰਦੇ ਹਨ ਅਤੇ ਉਹਨਾਂ ਨੂੰ ਵੀ ਦੁੱਖ ਹੀ ਮਿਲਦਾ ਹੈ। ਇਉਂ ਕਿਸੇ-ਕਿਸੇ ਨੂੰ ਦੁੱਖ ਸੰਤਾਪ ਦੇ ਕੇ ਦੁੱਖਾਂ ਦੀ ਹੀ ਕਮਾਇ=ਕਮਾਈ

ਕਰਦੇ ਹਨ।

**ਨਾਨਕ ਮੈਲਾ ਊਜਲੁ ਤਾ ਥੀਐ**
**ਜਾ ਸਤਿਗੁਰ ਮਾਹਿ ਸਮਾਇ ॥੧॥ ਮਃ ੩ ॥**

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਮੈਲਾ ਹੋਇਆ ਜੀਵ ਤਾਂ ਊਜਲੁ=ਨਿਰਮਲ ਭਾਵ ਚਿੱਟਾ ਹੋ ਸਕਦਾ ਹੈ, ਜਾ=ਜੇਕਰ ਜੀਵ ਸਤਿਗੁਰੂ ਮਹਾਰਾਜ ਜੀ ਵਿਚ ਸਮਾਇ=ਅਭੇਦ ਹੋ ਜਾਏ।

**ਮ: ੩॥**
**ਮਨਮੁਖੁ ਲੋਕੁ ਸਮਝਾਈਐ**
**ਕਦਹੁ ਸਮਝਾਇਆ ਜਾਇ ॥**

ਜੇਕਰ ਮਨਮੁਖਾਂ ਲੋਕਾਂ ਨੂੰ ਸਮਝਾਈਐ=ਸਮਝਾਉਣਾ ਕਰੀਏ,, ਤਾਂ ਉਹ ਕਦਹੁ=ਕਦ ਸਮਝਾਇਆ=ਸਮਝਾਏ ਜਾਇ=ਜਾਂਦੇ ਹਨ? ਭਾਵ ਉਹ ਕਦੇ ਵੀ ਸਮਝਦੇ ਨਹੀਂ।

**ਮਨਮੁਖੁ ਰਲਾਇਆ ਨਾ ਰਲੈ**
**ਪਇਐ ਕਿਰਤਿ ਫਿਰਾਇ ॥**

ਜਿਸ ਤਰ੍ਹਾਂ ਕਾਂ, ਹੰਸਾਂ ਨਾਲ ਨਹੀਂ ਰਲਦੇ, ਉਸੇ ਤਰ੍ਹਾਂ ਮਨਮੁਖ ਲੋਕ ਸਤਿਸੰਗਤ ਰੂਪੀ ਮਾਨ ਸਰੋਵਰ ਵਿਚ ਰਲਾਇਆਂ ਹੋਇਆਂ ਵੀ ਨਹੀਂ ਰਲੈ=ਰਲਦੇ। ਉਹ ਪਰਾਈ ਨਿੰਦਿਆ ਦੀ ਹੀ ਕਿਰਤ ਵਿਚ ਪਏ ਰਹਿੰਦੇ ਹਨ ਅਤੇ ਐਸੀ ਕੀਤੀ ਕੋਈ ਕਿਰਤ ਉਨ੍ਹਾਂ ਨੂੰ ਜੂਨਾਂ ਦੇ ਚੱਕਰ ਵਿਚ ਫਿਰਾਇ=ਫੇਰਦੀ ਹੈ।

**ਲਿਵ ਧਾਤੁ ਦੁਇ ਰਾਹ ਹੈ**
**ਹੁਕਮੀ ਕਾਰ ਕਮਾਇ ॥**

ਗੁਰਮੁਖ ਜਨ ਪਰਮੇਸ਼ਰ ਵਿਚ ਲਿਵ=ਬਿਰਤੀ ਲਾ ਕੇ ਜੁੜੇ ਰਹਿੰਦੇ ਹਨ ਅਤੇ ਮਨਮੁਖ ਲੋਕ ਮਾਇਆ ਵਲ ਹੀ ਧਾਤੁ=ਦੌੜਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਦੁਇ=ਦੋ ਰਾਹ=ਰਸਤੇ ਹਨ। ਜਿਨ੍ਹਾਂ ਦੀ ਬਿਰਤੀ ਪਰਮੇਸ਼ਰ ਵਿਚ ਜੁੜੀ ਹੈ, ਉਹ ਨਾਮ ਜਪਦੇ ਹਨ। ਜਿਨ੍ਹਾਂ ਦਾ ਮਨ ਧਨ ਪਦਾਰਥ ਆਦਿ ਵਿਚ ਲੱਗਾ ਹੈ, ਉਹ ਉਸ ਨੂੰ ਜੋੜਨ ਵਿਚ ਲੱਗੇ ਰਹਿੰਦੇ ਹਨ। ਇਉਂ ਪਰਮੇਸ਼ਰ ਦੇ ਹੁਕਮ ਅਨੁਸਾਰ ਸਾਰੇ ਜੀਵ ਆਪਣੀ-ਆਪਣੀ ਕਾਰ ਕਮਾਇ=ਕਮਾਉਣ ਵਿਚ ਲੱਗੇ ਹੋਏ ਹਨ।

**ਗੁਰਮੁਖਿ ਆਪਣਾ ਮਨੁ ਮਾਰਿਆ**
**ਸਬਦਿ ਕਸਵਟੀ ਲਾਇ ॥**

ਗੁਰਾ ਦੇ ਸਬਦਿ=ਉਪਦੇਸ਼ ਦੀ ਕਸਵੱਟੀ ਤੇ ਲਾਇ=ਲਾ ਕੇ ਗੁਰਮੁਖ ਜਨਾਂ ਨੇ ਆਪਣੇ ਮਨ ਦੇ ਭੈੜੇ ਸੁਭਾਅ ਨੂੰ ਮਾਰਿਆ=ਮਾਰ ਲਿਆ ਹੈ ਅਰਥਾਤ ਜਿਵੇਂ ਸੁਨਿਆਰ ਕਸਵੱਟੀ ਲਾ ਕੇ ਸੋਨੇ ਨੂੰ ਬਾਰ੍ਹਾਂ ਵੰਨੀ ਦਾ ਸ਼ੁੱਧ ਬਣਾ ਦਿੰਦਾ ਹੈ, ਇਸੇ ਪ੍ਰਕਾਰ ਗੁਰੂ ਰੂਪ ਸੁਨਿਆਰ ਸ਼ਬਦ ਦੀ ਕਸਵੱਟੀ ਤੇ ਲਾ ਕੇ ਜਗਿਆਸੂ ਜਨ ਦੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ ਅਤੇ ਬੁੱਧ ਇਨ੍ਹਾਂ ਨੂੰ ਬਾਰ੍ਹਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਬਣਾ ਦਿੰਦਾ ਹੈ।

**ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ**
**ਮਨ ਹੀ ਮੰਝਿ ਸਮਾਇ ॥**

ਗੁਰਮੁਖ ਜਨ ਇਕੱਲੇ ਬੈਠ ਕੇ ਆਪਣੇ ਮਨ ਨੂੰ ਹੀ ਮੰਦੇ ਪਾਸੇ ਤੋਂ ਰੋਕਣ ਲਈ ਝਗੜਾ=ਵਾਦ ਕਰਦੇ ਹਨ।

**ਮਨੁ ਜੋ ਇਛੇ ਸੋ ਲਹੈ**
**ਸਚੈ ਸਬਦਿ ਸੁਭਾਇ ॥**

ਫੇਰ ਮਨ ਜੋ ਵੀ ਧਰਮ, ਅਰਥ, ਕਾਮ, ਮੋਖ ਆਦਿ ਦੀ ਇਛੇ=ਚਾਹਣਾ ਕਰਦਾ ਹੈ, ਸੋ=ਉਹੋ ਹੀ ਪ੍ਰਾਪਤ ਕਰ ਲਹੈ=ਲੈਂਦਾ ਹੈ ਅਤੇ ਸਚੈ=ਸੱਚੇ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਸੁਭਾਇ (ਸੁ+ਭਾਇ) ਸੁ=ਸ੍ਰੇਸ਼ਟ ਅਪ੍ਰੋਖ ਗਿਆਨ ਦਾ ਭਾਇ=ਪ੍ਰਕਾਸ਼ ਹੋ ਜਾਂਦਾ ਹੈ।

**ਅੰਮ੍ਰਿਤ ਨਾਮੁ ਸਦ ਭੁੰਚੀਐ**
**ਗੁਰਮੁਖਿ ਕਾਰ ਕਮਾਇ ॥**

ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਸਦ=ਸਦਾ ਭੁੰਚੀਐ=ਛਕੀਏ ਅਤੇ ਹੋਰਨਾਂ ਨੂੰ ਛਕਾਈਏ। ਆਪ ਨਾਮ ਜਪਣਾ, ਹੋਰਨਾਂ ਨੂੰ ਜਪਾਉਣਾ, ਸਾਰਿਆਂ ਦਾ ਭਲਾ ਕਰਨਾ, ਬੁਰੇ ਨਾਲ ਵੀ ਨੇਕੀ ਹੀ ਕਰਨੀ, ਇਸ ਤਰ੍ਹਾਂ ਗੁਰਮੁਖਾਂ ਵਾਲੀ ਕਾਰ=ਕਰਨੀ ਕਮਾਇ=ਕਮਾਉਣਾ ਕਰੇ।

**ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ**
**ਜਾਸੀ ਜਨਮੁ ਗਵਾਇ ॥**

ਮਨ ਤੋਂ ਬਿਨਾਂ ਜਿ=ਜੋ ਹੋਰਨਾਂ ਦੇ ਨਾਲ ਲੁਝਣਾ=ਲੜਨਾ ਭਾਵ ਝਗੜਦੇ ਹਨ, ਉਹ ਆਪਣਾ ਮਨੁੱਖਾ ਜਨਮ ਬੇਅਰਥ ਹੀ ਗਵਾਇ=ਗਵਾ ਕੇ ਚਲੇ ਜਾਸੀ=ਜਾਂਦੇ ਹਨ।

**ਮਨਮੁਖੀ ਮਨਹਠਿ ਹਾਰਿਆ**
**ਕੂੜੁ ਕੁਸਤੁ ਕਮਾਇ ॥**

ਮਨਮੁਖ ਲੋਕ ਮਨ ਦੇ ਹਠ ਨਾਲ ਆਪਣਾ ਜਨਮ ਹਾਰ ਗਏ ਹਨ, ਉਹ ਕੂੜੁ=ਝੂਠ ਬੋਲਦੇ ਅਤੇ ਕੁਸਤੁ=ਅਧਰਮ ਵਾਲੇ ਕਰਮ ਕਮਾਇ=ਕਮਾਉਂਦੇ ਰਹਿੰਦੇ ਹਨ।

ਗੁਰ ਪਰਸਾਦੀ ਮਨੁ ਜਿਣੈ
ਹਰਿ ਸੇਤੀ ਲਿਵ ਲਾਇ ॥

ਜਿਨ੍ਹਾਂ ਨੇ ਗੁਰੂ ਦੀ ਪਰਸਾਦੀ=ਕ੍ਰਿਪਾ ਨਾਲ ਆਪਣੇ ਮਨ ਨੂੰ ਜਿਣੈ=ਜਿੱਤ ਲਿਆ ਹੈ, ਉਹ ਹਰਿ=ਪਰਮੇਸ਼ਰ ਸੇਤੀ = ਨਾਲ ਲਿਵ=ਬਿਰਤੀ ਲਾਇ=ਲਾਉਂਦੇ ਹਨ।

ਨਾਨਕ ਗੁਰਮੁਖਿ ਸਚੁ ਕਮਾਵੈ
ਮਨਮੁਖਿ ਆਵੈ ਜਾਇ ॥੨॥

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਗੁਰਮੁਖ ਜਨ ਸੱਚੇ ਨਾਮ ਨੂੰ ਕਮਾਵੈ=ਕਮਾਉਂਦੇ ਹਨ। ਮਨਮੁਖ ਲੋਕ ਜੂਨਾਂ ਵਿਚ ਭਾਵ ਜੰਮਣ-ਮਰਨ ਵਿਚ ਆਵੈ ਜਾਇ=ਆਉਂਦੇ-ਜਾਂਦੇ ਰਹਿੰਦੇ ਹਨ।

ਪਉੜੀ ॥
ਹਰਿ ਕੇ ਸੰਤ ਸੁਣਹੁ ਜਨ ਭਾਈ
ਹਰਿ ਸਤਿਗੁਰ ਕੀ ਇਕ ਸਾਖੀ ॥

ਹੇ ਹਰਿ=ਹਰੀ ਪਰਮੇਸ਼ਰ ਦੇ ਸੰਤ ਜਨੋ ਭਾਈ= ਭਰਾਵੋ, ਭਗਤ ਜਨੋ! ਹਰਿ=ਹਰੀ ਵਾਹਿਗੁਰੂ ਦੇਸ ਰੂਪ ਸਤਿਗੁਰੂ ਜੀ ਕੀ-ਦੀ ਇਕ=ਏਕਤਾ ਵਾਲੀ ਸਾਖੀ=ਸਿੱਖਿਆ ਸੁਣਨਾ ਕਰੋ ਵਾ: ਇਕ ਅਦਵੈਤ ਸਰੂਪ ਵਾਹਿਗੁਰੂ ਵਿਚ ਅਭੇਦ ਹੋਣ ਰੂਪ ਸਤਿਗੁਰਾਂ ਕੀ=ਦੀ ਸਾਖੀ=ਸਿੱਖਿਆ ਸੁਣਨਾ ਕਰੋ।

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ
ਤਿਨਿ ਜਨਿ ਲੈ ਹਿਰਦੈ ਰਾਖੀ ॥

ਜਿਸੁ=ਜਿਨ੍ਹਾਂ ਦੇ ਧੁਰਿ=ਆਦਿ ਤੋਂ ਹੀ ਮਸਤਕਿ=ਮੱਥੇ ਦੇ ਮੁਖਿ-ਸ਼ਿਰੋਮਣੀ ਭਾਗ ਹੁੰਦੇ ਹਨ, ਤਿਨਿ=ਉਨ੍ਹਾਂ ਗੁਰਮੁਖ ਜਨਾਂ ਨੇ ਗੁਰਾਂ ਤੋਂ ਸਿੱਖਿਆ ਲੈ ਕੇ ਹਿਰਦੇ ਵਿਚ ਵਸਾ ਕੇ ਰਾਖੀ=ਰੱਖੀ ਹੈ।

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ
ਗੁਰ ਬਚਨੀ ਸਹਜੇ ਚਾਖੀ ॥

ਹਰਿ=ਪਰਮੇਸ਼ਰ ਦੀ ਅੰਮ੍ਰਿਤ ਰੂਪੀ ਕਥਾ ਹੈ, ਜੋ ਯਗ, ਤਪ ਆਦਿ ਸ੍ਰੇਸ਼ਟ ਕਰਮਾਂ-ਧਰਮਾਂ ਤੋਂ ਵੀ ਊਤਮ=ਉੱਤਮ ਹੈ ਵਾ: ਸ੍ਰੇਸ਼ਟ ਤੋਂ ਵੀ ਸ੍ਰੇਸ਼ਟ ਹੈ, ਗੁਰਾ ਦੇ ਬਚਨੀ=ਵਾਕਾਂ ਨੂੰ ਮੰਨਣ ਵਾਲਿਆਂ ਨੇ ਸਹਜੇ=ਸੁਤੇ ਸਿੱਧ ਹੀ ਉਸ ਕਥਾ ਦੇ ਰਸ ਨੂੰ ਚਾਖੀ=ਚੱਖਿਆ ਭਾਵ ਧਾਰਨ ਕੀਤਾ ਹੈ।

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥

ਤਹ=ਉਨ੍ਹਾਂ ਦੇ ਹਿਰਦੇ ਵਿਚ ਬ੍ਰਹਮ ਗਿਆਨ ਦਾ ਪ੍ਰਗਾਸੁ=ਪ੍ਰਕਾਸ਼ ਹੋ ਗਿਆ ਅਤੇ ਅਗਿਆਨ ਦਾ ਅੰਧਿਆਰਾ=ਹਨੇਰਾ ਮਿਟਿਆ=ਚੁੱਕਿਆ ਗਿਆ ਹੈ। ਜਿਉ=ਜਿਵੇਂ ਸੂਰਜ ਰਾਤ ਦੇ ਹਨ੍ਹੇਰੇ ਨੂੰ ਕਿਰਾਖੀ=ਖਿੱਚ ਲੈਂਦਾ ਹੈ ਭਾਵ ਦੂਰ ਕਰ ਦਿੰਦਾ ਹੈ, ਇਉਂ ਗੁਰੂ ਸਾਹਿਬ ਦੇ ਗਿਆਨ ਨੇ ਅਵਿਦਿਆ ਰੂਪੀ ਰੈਣਿ=ਰਾਤ ਨੂੰ ਕਿਰਾਖੀ=ਖਿੱਚ ਲਿਆ ਹੈ। ਮਾਇਆ ਦੇ ਮੋਹ ਰੂਪੀ ਚੰਦ ਦਾ ਪ੍ਰਕਾਸ਼ ਮਿਟ ਗਿਆ ਹੈ। ਇਸ ਪ੍ਰਕਾਰ ਭਰਮ ਦਾ ਹਨੇਰਾ ਚੁੱਕਿਆ ਗਿਆ ਹੈ।

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ
ਸੋ ਦੇਖਿਆ ਗੁਰਮੁਖਿ ਆਖੀ ॥੧੨॥

ਜੋ ਪਰਮੇਸ਼ਰ ਅਗਿਆਨ ਕਰਕੇ ਅਦਿਸਟੁ=ਦੇਖਣ ਤੋਂ ਰਹਿਤ, ਅਗੋਚਰੁ=ਇੰਦਰਿਆਂ ਦੇ ਅਵਿਸ਼ੇ, ਅਲਖੁ=ਜਾਨਣ ਤੋਂ ਰਹਿਤ ਤੇ ਨਿਰੰਜਨੁ=ਮਾਇਆ ਦੀ ਕਾਲਖ ਤੋਂ ਰਹਿਤ ਹੈ, ਸੋ=ਉਸ ਪਰਮੇਸ਼ਰ ਨੂੰ ਗੁਰਮੁਖ ਜਨਾਂ ਨੇ ਅਪ੍ਰੋਖ ਗਿਆਨ ਰੂਪੀ ਆਖੀ=ਨੇਤਰਾਂ ਨਾਲ ਦੇਖਿਆ=ਵੇਖ ਲਿਆ ਹੈ।

ਸਲੋਕੁ ਮਃ ੩ ॥
ਸਤਿਗੁਰੁ ਸੇਵੇ ਆਪਣਾ
ਸੋ ਸਿਰੁ ਲੇਖੈ ਲਾਇ ॥

ਜੋ ਆਪਣੇ ਪੂਰਨ ਸਤਿਗੁਰਾਂ ਦਾ ਮਨ ਅਤੇ ਤਨ ਦੁਆਰਾ ਸੇਵੇ=ਪੂਜਨ ਕਰਦੇ ਹਨ ਸੋ=ਉਹਨਾਂ ਦਾ ਸਿਰੁ=ਸੀਸ ਲੇਖੈ=ਗਿਣਤੀ ਦੇ ਵਿਚ ਲਾਇ=ਲਗਦਾ ਹੈ ਭਾਵ ਪ੍ਰਮਾਣਨੀਕ ਹੁੰਦਾ ਹੈ।

ਵਿਚਹੁ ਆਪੁ ਗਵਾਇ ਕੈ
ਰਹਨਿ ਸਚਿ ਲਿਵ ਲਾਇ ॥

ਗੁਰਮੁਖ ਜਨ ਹਿਰਦੇ ਵਿਚਹੁ=ਅੰਦਰੋਂ ਆਪੁ=ਆਪਾ ਭਾਵ ਹੰਕਾਰ ਗਵਾਇ=ਗਵਾ ਕੈ=ਕਰਕੇ ਸਚਿ=ਸੱਚੇ ਪਰਮੇਸ਼ਰ ਵਿਚ ਲਿਵ=ਬਿਰਤੀ ਲਾਇ=ਲਾ ਕੇ ਰਹਨਿ=ਰਹਿੰਦੇ ਹਨ।

ਸਤਿਗੁਰੁ ਜਿਨੀ ਨ ਸੇਵਿਓ
ਤਿਨਾ ਬਿਰਥਾ ਜਨਮੁ ਗਵਾਇ ॥

ਜਿਨੀ=ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰੂ ਸਾਹਿਬ ਜੀ

ਨੂੰ ਸੇਵਿਓ=ਸੇਵਨਾ (ਪੂਜਣਾ) ਨਹੀਂ ਕੀਤਾ, ਤਿਨਾ=ਉਨ੍ਹਾਂ ਬੇਮੁਖ ਪੁਰਸ਼ਾਂ ਨੇ ਆਪਣਾ ਅਮੋਲਕ ਮਨੁੱਖਾ ਜਨਮ ਬਿਰਥਾ=ਵਿਅਰਥ ਹੀ ਗਵਾਇ=ਗੁਆ ਲਿਆ ਹੈ।

ਨਾਨਕ ਜੋ ਤਿਸੁ ਭਾਵੈ ਸੋ ਕਰੇ
ਕਹਣਾ ਕਿਛੂ ਨ ਜਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਜੋ=ਜਿਹੜਾ ਤਿਸੁ=ਉਸ ਪਰਮੇਸ਼ਰ ਨੂੰ ਭਾਵੈ=ਭਾਉਂਦਾ ਭਾਵ ਚੰਗਾ ਲਗਦਾ ਹੈ ਸੋ=ਉਹੋ ਹੀ ਕਰੇ=ਕਰਦਾ ਹੈ। ਹੋਰ ਕਿਛੂ=ਕੁਝ ਵੀ ਕਹਣਾ=ਕਿਹਾ ਨ=ਨਹੀਂ ਜਾਇ=ਜਾ ਸਕਦਾ। ਜੀਵਾਂ ਦੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਪਰਮਾਤਮਾ ਵਾਹਿਗੁਰੂ ਹੀ ਜਾਣਦਾ ਹੈ। ਜੀਵਾਂ ਦੇ ਵਸ ਕੁਝ ਵੀ ਨਹੀਂ।

ਮਃ ੩ ॥ ਮਨੁ ਵੇਕਾਰੀ ਵੇੜਿਆ
ਵੇਕਾਰਾ ਕਰਮ ਕਮਾਇ ॥

ਜਿਹੜਾ ਮਨ ਵੇਕਾਰੀ=ਵਿਕਾਰਾਂ ਦੇ ਨਾਲ ਵੇੜਿਆ=ਘੇਰਿਆ ਹੋਇਆ ਹੈ ਉਹ ਮਨ ਵੇਕਾਰਾ=ਵਿਕਾਰਾਂ ਵਾਲੇ ਕਰਮਾਂ ਨੂੰ ਹੀ ਕਮਾਇ=ਕਮਾ ਰਿਹਾ ਹੈ ਵਾ: ਵਿਕਾਰਾਂ ਦੇ ਨਾਲ ਵਲੇ ਜਾਂ ਲਪੇਟੇ ਹੋਏ ਕਰਮ ਹੀ ਕਮਾ ਰਿਹਾ ਹੈ।

ਦੂਜੈ ਭਾਇ ਅਗਿਆਨੀ ਪੂਜਦੇ
ਦਰਗਹ ਮਿਲੈ ਸਜਾਇ ॥

ਮਾਇਆ ਦੇ ਪਿਆਰ ਵਿਚ (ਫਸੇ ਰਹਿ ਕੇ) ਜੋ ਮਨੁੱਖ ਪੂਜਾ ਕਰਦੇ ਹਨ (ਇਸ ਪੂਜਾ ਦਾ ਉਨ੍ਹਾਂ ਨੂੰ) ਕੁਝ ਲਾਭ ਨਹੀਂ ਹੁੰਦਾ, ਦਰਗਾਹ ਵਿਚ ਸਜ਼ਾ (ਹੀ) ਮਿਲਦੀ ਹੈ।

ਆਤਮ ਦੇਉ ਪੂਜੀਐ
ਬਿਨੁ ਸਤਿਗੁਰ ਬੂਝ ਨ ਪਾਇ ॥

ਸਾਰਿਆਂ ਦੀ ਆਤਮਾ ਦੇਉ=ਪ੍ਰਕਾਸ਼ ਰੂਪ ਬ੍ਰਹਮ ਦਾ ਹੀ ਸਰੂਪ ਹੈ, ਸਦਾ ਉਸ ਬ੍ਰਹਮ ਸਰੂਪ ਨੂੰ ਪੂਜੀਐ=ਪੂਜਨ ਕਰਦੇ ਰਹੀਏ। ਪਰੰਤੂ ਸਤਿਗੁਰੂ ਸਾਹਿਬ ਜੀ ਤੋਂ ਬਿਨੁ=ਬਗੈਰ ਉਸ ਦੇ ਪੂਜਨ ਦੀ ਬੂਝ=ਸਮਝ ਕਿਸੇ ਨੂੰ ਨ=ਨਹੀਂ ਪਾਇ=ਪੈ ਸਕਦੀ।

ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ
ਕਰਮੀ ਪਲੈ ਪਾਇ ॥

ਜੋ ਸਤਿਗੁਰੂ ਦਾ ਭਾਣਾ=ਹੁਕਮ ਮੰਨਣਾ ਹੈ ਭਾਵ ਉਸ ਦੀ ਰਜ਼ਾ ਵਿਚ ਚੱਲਣਾ ਹੈ, ਇਹੋ ਜਪ, ਤਪ ਸੰਜਮੁ=ਵਰਤ ਰੱਖਣਾ ਹੈ। ਪਰੰਤੂ ਇਹ ਦਾਤ ਸਤਿਗੁਰਾਂ ਦੀ ਕਰਮੀ=ਕਿਰਪਾ ਕਰਕੇ ਅੰਤਸ਼ਕਰਣ ਰੂਪੀ ਪਲੈ=ਪੱਲੇ ਦੇ ਵਿਚ ਪਾਇ=ਪੈਂਦੀ ਹੈ।

ਨਾਨਕ ਸੇਵਾ ਸੁਰਤਿ ਕਮਾਵਣੀ
ਜੋ ਹਰਿ ਭਾਵੈ ਸੋ ਥਾਇ ਪਾਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੁਰਤਿ (ਸੁ+ਰਤਿ) ਸੁ=ਸ੍ਰੇਸ਼ਟ ਰਤਿ=ਪ੍ਰੀਤੀ ਨਾਲ ਸੇਵਾ=ਟਹਿਲ ਕਮਾਵਣੀ=ਕਮਾਉਣੀ ਚਾਹੀਦੀ ਹੈ। ਜੋ=ਜਿਹੜੇ ਹਰਿ=ਹਰੀ ਵਾਹਿਗੁਰੂ ਨੂੰ ਭਾਵੈ=ਚੰਗੇ ਲਗਦੇ ਹਨ, =ਸੋ ਉਹ ਨਿਜ ਸਰੂਪ ਵਾ: ਸੱਚਖੰਡ ਰੂਪੀ ਥਾਇ=ਥਾਂ ਨੂੰ ਪਾਇ=ਪਾ ਲੈਂਦੇ ਹਨ ਵਾ: ਜਿਸ ਦੀ ਸੁਰਤਿ=ਗਿਆਤ ਪੂਰਵਕ ਕੀਤੀ ਸੇਵਾ ਹਰੀ ਨੂੰ ਭਾ ਜਾਂਦੀ ਹੈ, ਉਹ ਅਕਾਲ ਪੁਰਖ ਦੇ ਦਰ ਲੇਖੇ ਵਿਚ ਪੈ ਜਾਂਦੇ ਹਨ।

*'ਚਲਦਾ..............।'*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨ੍ਯੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨ੍ਯੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨ੍ਯੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-55)*

### 10. ਪਟਿਆਲੇ ਫੌਜ ਦੇ ਰਸਾਲੇ ਵਿਚ ਸਰਵਿਸ

ਹੁਣ ਪਟਿਆਲੇ ਰਿਹਾਇਸ਼ੀ ਮਕਾਨ ਲੈ ਕੇ, ਬੀਜੀ ਬੱਚਿਆਂ ਸਮੇਤ ਇਥੇ ਆ ਕੇ ਰਹਿਣ ਲੱਗ ਪਏ। ਇਸ ਤਰ੍ਹਾਂ ਨਾਲ ਆਪ ਜੀ ਪੂਰੀ ਭਜਨ ਬੰਦਗੀ ਵੀ ਕਰਦੇ, ਪ੍ਰਸ਼ਾਦਾ ਪਾਣੀ ਭਾਵੇਂ ਨਾ ਮਿਲੇ ਪਰ ਭਜਨ ਦਾ ਨਿਤਨੇਮ ਨਿਭਾ ਕੇ ਹੀ ਮਨ ਦੀ ਤ੍ਰਿਪਤੀ ਸਮਝਦੇ ਸਨ। ਘਰ ਵਿਚ ਗੁਰਮੁਖ ਪਿਆਰਿਆਂ ਦੀ ਆਵਾਜਾਈ ਬਣੀ ਰਹਿੰਦੀ ਸੀ, ਬੀਜੀ ਆਏ ਸਾਧੂ-ਸੰਤਾਂ ਦੀ ਸੇਵਾ ਕਰਦੇ ਰਹਿੰਦੇ ਸਨ। ਰਸਾਲੇ ਵਿਚ ਭਰਤੀ ਹੋਣ ਉਪਰੰਤ, ਫੌਜ ਵਿਚ ਡਿਊਟੀ ਦਾ ਕੰਮ ਪੂਰੀ ਨਿਸ਼ਟਾ ਤੇ ਈਮਾਨਦਾਰੀ ਨਾਲ ਕਰਦੇ ਸਨ ਜਿਸ ਦੀ ਧਾਕ ਸਾਰੇ ਫੌਜੀ ਅਫਸਰਾਂ ਤੱਕ ਫੈਲੀ ਹੋਈ ਸੀ। ਜਦੋਂ ਇਕ ਠੇਕੇਦਾਰ ਨੇ ਆਪ ਨੂੰ ਰਿਸ਼ਵਤ ਦੇਣੀ ਚਾਹੀ ਤਾਂ ਆਪ ਜੀ ਨੇ ਸਾਫ ਇਨਕਾਰ ਕਰਕੇ ਉਸ ਦਾ ਪਰਦਾਫਾਸ਼ ਕਰ ਦਿਤਾ ਸੀ। ਇਸ ਕਰਕੇ ਕੀ ਅਫ਼ਸਰ, ਕੀ ਦਫਤਰੀ ਬੰਦੇ, ਸਾਰੇ ਆਪ ਜੀ ਦਾ ਸਤਿਕਾਰ ਕਰਦੇ ਸਨ। ਦਫਤਰੋਂ ਆ ਕੇ ਦੂਰ ਖੇਤਾਂ ਵਿਚ ਇਕ ਖੂਹ ਦੇ ਨੇੜੇ ਚੌਂਤਰੇ ਉਤੇ ਅੱਖਾਂ ਮੀਟ ਕੇ ਘੰਟਿਆਂ ਬੱਧੀ ਸਮਾਧੀ ਸਥਿਤ ਹੋ ਕੇ ਬੈਠੇ ਰਹਿੰਦੇ ਅਤੇ ਹਨ੍ਹੇਰੇ ਹੋਏ ਘਰ ਪਰਤਿਆ ਕਰਦੇ ਸਨ। ਈਮਾਨਦਾਰੀ ਦੇ ਨਾਲ-ਨਾਲ, ਭਜਨ-ਬੰਦਗੀ ਦੀ ਖੁਸ਼ਬੋ ਵੀ ਸਾਰੇ ਫੈਲੀ ਹੋਈ ਸੀ।

ਇਕ ਦਿਨ ਦਾ ਜ਼ਿਕਰ ਹੈ ਕਿ ਸਾਧੂ ਸਿੰਘ ਨਾਮ ਦਾ ਇਕ ਸਿੱਖ ਆਪ ਜੀ ਦੇ ਘਰ ਆਇਆ ਤੇ ਉਹ ਆਪਣੀਆਂ ਪੰਜ ਲੜਕੀਆਂ ਨੂੰ ਵੀ ਨਾਲ ਲੈ ਆਇਆ। ਆਪ ਨੇ ਪੁੱਛਿਆ ਭਾਈ ਪ੍ਰੇਮੀਆ! ਕਿਵੇਂ ਆਉਣਾ ਹੋਇਆ? ਕਹਿੰਦਾ, ਬਾਬਾ ਜੀ! ਮੇਰੇ ਉਤੇ ਕ੍ਰਿਪਾ ਕਰੋ, ਇਕ ਪੁੱਤਰ ਦੀ ਦਾਤ ਬਖਸ਼ੋ। ਆਪ ਜੀ ਨੂੰ ਦਇਆ ਆਈ ਤੇ ਕਿਹਾ ਕਿ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰੋ, ਅਸੀਂ ਵੀ ਦੁਆ ਕਰਾਂਗੇ। ਦਸ ਮਹੀਨੇ ਬਾਦ ਪੁੱਤਰ ਦੀ ਦਾਤ ਝੋਲੀ ਪੈ ਗਈ ਤੇ ਉਸ ਦਾ ਨਾਮ ਜੈ ਸਿੰਘ ਰੱਖਿਆ। ਜਦੋਂ ਉਸ ਬੱਚੇ ਨੇ ਹੋਸ਼ ਸੰਭਾਲੀ ਤਾਂ ਕਹਿੰਦਾ ਕਿ ਮੈਂ ਬਾਬਾ ਜੀ ਦੇ ਦਰਸ਼ਨ ਕਰਨੇ ਹਨ ਅਤੇ ਉਸ ਨੇ ਆ ਕੇ ਦਰਸ਼ਨ ਕੀਤੇ।

ਰਿਸ਼ਵਤਖੋਰ ਅਫਸਰ ਆਪ ਤੋਂ ਡਰਦੇ ਸਨ ਕਿਉਂਕਿ ਉਹਨਾਂ ਦੀ ਕਰਤੂਤ ਜਣਾ ਕੇ ਆਪ ਜੀ ਨੇ ਉਹਨਾਂ ਨੂੰ ਧਰਮ ਦੀ ਕ੍ਰਿਤ ਕਰਨ ਦਾ ਰਾਹ ਦਰਸਾਇਆ। ਇਸੇ ਤਰ੍ਹਾਂ ਇਕ ਹੋਰ ਗੁਰਸਿੱਖ ਅਫਸਰ ਰਿਪੁਦਮਨ ਸਿੰਘ, ਜੋ ਮੇਜਰ ਦੇ ਅਹੁਦੇ ਉਤੇ ਸੀ, ਦੇਖਣ ਨੂੰ ਬੜਾ ਗੁਰਮੁਖ ਲਗਦਾ ਸੀ, ਗੁਰਦੁਆਰਾ ਸਾਹਿਬ ਆ ਕੇ ਬੜਾ ਝੂਮ-ਝੂਮ ਕੇ ਕੀਰਤਨ ਕਰਿਆ ਕਰਦਾ ਸੀ ਤੇ ਸਾਰੇ ਉਸ ਨੂੰ ਸੰਤ ਕਹਿੰਦੇ ਸਨ। ਫੌਜੀਆਂ ਦੇ ਕੁਆਰਟਰ ਬਣਾਉਣ ਲਈ ਬਾਹਰ ਖੁਲ੍ਹੇ ਥਾਂ ਉਤੇ ਸਰਕਾਰੀ ਲੋਹੇ ਦੇ ਗਾਡਰ ਲਿਆਂਦੇ ਹੋਏ ਪਏ ਸਨ। ਇਸ ਅਫਸਰ ਨੂੰ ਲੋਭ ਲਹਿਰ ਨੇ ਐਸਾ ਗ੍ਰਸਿਆ ਕਿ ਇਸ ਨੇ ਜਵਾਨਾਂ ਨੂੰ ਕਹਿ ਕੇ ਤਿੰਨ ਗਾਡਰ ਚੁਕਵਾ ਕੇ ਆਪਣੇ ਘਰ ਰਖਵਾ ਲਏ। ਇਕ ਦਿਨ ਅਚਾਨਕ ਜਦੋਂ ਸਟਾਕ ਐਂਟਰੀ ਵਾਸਤੇ ਗਿਣਤੀ ਹੋਈ ਤਾਂ ਆਪ ਨੇ ਦੇਖਿਆ ਤਿੰਨ ਗਾਡਰ ਘੱਟ ਹਨ। ਪੜਤਾਲ ਕਰਨ ਉਪਰੰਤ ਪਤਾ ਲੱਗਾ ਕਿ ਇਸ ਅਫਸਰ ਨੇ ਬਦਨੀਤੀ ਕੀਤੀ ਹੈ। ਬਾਬਾ ਜੀ ਨੇ ਉਸ ਦੇ ਦਫਤਰ ਪਹੁੰਚ ਕੇ ਇਸ ਗਲਤੀ ਦਾ ਅਹਿਸਾਸ ਕਰਵਾਇਆ ਕਿ ਤੁਸੀਂ ਅਫਸਰ ਵੀ ਹੋ ਤੇ ਚੰਗੇ ਗੁਰਸਿੱਖ ਵਾਂਗ ਕੀਰਤਨ ਵੀ ਕਰਦੇ ਹੋ, ਪਰ ਤੁਹਾਨੂੰ ਐਸਾ ਕੰਮ ਸ਼ੋਭਾ ਨਹੀਂ ਦਿੰਦਾ। ਜੇ ਮੈਂ ਸ਼ਿਕਾਇਤ ਕਰਾਂ ਤਾਂ ਤੁਹਾਡੀ ਨੌਕਰੀ ਵੀ ਜਾ ਸਕਦੀ ਹੈ ਤੇ ਸਜਾ ਵੀ ਹੋ ਸਕਦੀ ਹੈ। ਮੈਨੂੰ ਪਤਾ ਹੈ ਕਿ ਉਹ ਤੁਹਾਡੇ ਘਰ ਪਏ ਹਨ ਤੇ ਉਨ੍ਹਾਂ ਉਤੇ ਸਰਕਾਰੀ ਨਿਸ਼ਾਨੀ ਵੀ ਲੱਗੀ ਹੋਈ ਹੈ। ਇਹ ਸੁਣ ਕੇ ਉਹ ਪਸੀਨੋ-ਪਸੀਨੀ ਹੋ ਗਿਆ ਤੇ ਮਾਫੀ ਮੰਗਣ ਲੱਗਾ ਤੇ ਸ਼ਾਮ ਨੂੰ ਆਪਣੀ ਘਰ ਵਾਲੀ ਸਮੇਤ ਬਾਬਾ ਜੀ ਦੇ ਘਰ ਪਹੁੰਚ ਗਿਆ।

ਜਦੋਂ ਉਹ ਅਫਸਰ ਬੀਜੀ ਦੇ ਸਾਮ੍ਹਣੇ ਆਇਆ ਆਪਣੀ ਦਸਤਾਰ ਅਤੇ ਤਗਮੇ ਉਤਾਰ ਕੇ ਉਨ੍ਹਾਂ ਦੇ

ਚਰਨਾਂ 'ਤੇ ਰੱਖ ਦਿਤੇ। ਬੀਜੀ ਨੇ ਧਰਵਾਸਾ ਦੇ ਕੇ ਕਿਹਾ ਕਿ ਵੀਰ ਜੀ! ਇਸ ਤਰ੍ਹਾਂ ਨਾ ਕਰੋ, ਘਬਰਾਓ ਨਹੀਂ, ਅਸੀਂ ਤੁਹਾਡੇ ਦੁਸ਼ਮਣ ਨਹੀਂ ਸਗੋਂ ਹਿਤਕਾਰੀ ਹਾਂ। ਇਹ ਤੁਹਾਨੂੰ ਸਿੱਧੇ ਰਸਤੇ ਪਾਉਣਾ ਚਾਹੁੰਦੇ ਹਨ ਤਾਂਕਿ ਮੁੜ ਕੇ ਜੀਵਨ ਵਿਚ ਐਸੀ ਗਲਤੀ ਨਾ ਕਰੋ। ਇਸ ਨਾਲ ਤੁਹਾਡੀ ਹੀ ਨਹੀਂ ਸਗੋਂ ਸਿੱਖੀ ਸਰੂਪ ਵਾਲਿਆਂ ਦੀ ਵੀ ਬਦਨਾਮੀ ਹੁੰਦੀ ਹੈ। ਜੇ ਕੋਈ ਇਕ ਗੁਰਸਿੱਖ ਮਾੜਾ ਕਰਮ ਕਰਦਾ ਹੈ ਤਾਂ ਸਾਰੀ ਕੌਮ ਦੀ ਬਦਨਾਮੀ ਹੁੰਦੀ ਹੈ। ਗੁਰੂ ਸਾਹਿਬ ਜੀ ਨੇ ਸਾਨੂੰ ਦਸਤਾਰ ਤੇ ਵਖਰਾ ਸਰੂਪ ਇਸੇ ਲਈ ਬਖਸ਼ਿਆ ਹੈ ਕਿ ਮਾੜਾ ਕੰਮ ਵੀ ਨਾ ਕਰੀਏ ਅਤੇ ਮਾੜੀ ਥਾਂ ਉਤੇ ਵੀ ਨਾ ਜਾ ਸਕੀਏ। ਮਨ ਵਿਚ ਵਿਚਾਰ ਆ ਜਾਂਦੀ ਹੈ ਕਿ ਜੇ ਮੈਂ ਮੰਦਾ ਕੰਮ ਕੀਤਾ ਜਾਂ ਮੰਦੀ ਥਾਂ ਤੇ ਗਿਆ, ਮੈਂ ਲੋਕਾਂ ਕੋਲੋਂ ਤਾਂ ਛੁਪਾ ਸਕਦਾ ਹਾਂ ਪਰ ਮੇਰੇ ਸਤਿਗੁਰੂ ਜੀ ਤਾਂ ਹਰ ਥਾਂ ਮੈਨੂੰ ਦੇਖਦੇ ਹਨ। ਜਿਵੇਂ ਕੋਈ ਚੋਰ, ਚੋਰੀ ਕਰਕੇ ਅੱਗੇ ਪਿੱਛੇ ਮੁੜ-ਮੁੜ ਕੇ ਦੇਖਦਾ ਹੈ ਕਿ ਮੈਨੂੰ ਕੋਈ ਵੇਖ ਨਾ ਲਵੇ, ਪਰ ਵਾਹਿਗੁਰੂ ਜੀ ਤੋਂ ਕਿਵੇਂ ਛੁਪਾ ਸਕਦਾ ਹੈ?

*ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥*
*ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥*

*ਅੰਗ - ੧੫੯*

ਇਹ ਦੇਖ ਕੇ ਬਾਬਾ ਜੀ ਕਹਿਣ ਲੱਗੇ ਤੁਸੀਂ ਇਸ ਤਰ੍ਹਾਂ ਨਾ ਕਰੋ, ਤੁਸੀਂ ਗੁਰਸਿੱਖ ਹੋ, ਦਸਤਾਰ ਸਿੱਖ ਦੀ ਸ਼ਾਨ ਹੁੰਦੀ ਹੈ। ਉਸ ਦੀ ਘਰ ਵਾਲੀ ਵੀ ਰੁਦਨ ਕਰਨ ਲੱਗੀ ਕਿ ਜੇ ਨੌਕਰੀ ਗਈ ਤਾਂ ਸਾਡੇ ਬੱਚੇ ਰੁਲ ਜਾਣਗੇ। ਸਾਡਾ ਭਵਿੱਖ ਤੁਹਾਡੇ ਹੱਥ ਹੈ ਕ੍ਰਿਪਾ ਕਰਕੇ ਇਸ ਗਲਤੀ ਦੀ ਰਿਪੋਰਟ, ਵੱਡੇ ਅਫਸਰ ਪਾਸ ਨਾ ਕਰਿਓ। ਬਾਬਾ ਜੀ ਕਹਿਣ ਲੱਗੇ ਕਿ ਮੇਰਾ ਮਤਲਬ ਤੁਹਾਨੂੰ ਨੁਕਸਾਨ ਪਹੁੰਚਾਣ ਦਾ ਨਹੀਂ ਸਗੋਂ ਤੁਹਾਡੀ ਭੁੱਲ ਨੂੰ ਸੁਧਾਰਨ ਦਾ ਹੈ ਤਾਂਕਿ ਅੱਗੇ ਵਾਸਤੇ ਸੁਚੇਤ ਹੋ ਜਾਵੋ, ਗੁਰਸਿੱਖ ਨੂੰ ਐਸੇ ਕੰਮ ਸ਼ੋਭਾ ਨਹੀਂ ਦਿੰਦੇ। ਜੇਕਰ ਅਸੀਂ ਗੁਰਬਾਣੀ ਪੜ੍ਹਦੇ ਤੇ ਗਾਉਂਦੇ ਹਾਂ ਇਸ ਨੂੰ ਕੇਵਲ ਸਰੋਤਿਆਂ ਨੂੰ ਸੁਣਾਉਣ ਤੱਕ ਹੀ ਸੀਮਿਤ ਨਹੀਂ ਰੱਖਣਾ ਚਾਹੀਦਾ ਸਗੋਂ ਇਸ ਤੇ ਅਮਲ ਕਰਕੇ ਆਪਣੇ ਜੀਵਨ ਨੂੰ ਸੁਚੱਜਾ ਤੇ ਸ਼ੁਭ ਅਮਲਾਂ ਵਾਲਾ ਬਣਾਓ ਕਿਉਂਕਿ ਦਰਗਾਹ ਵਿਚ ਮਾੜੇ-ਚੰਗੇ ਕਰਮਾਂ ਦਾ ਲੇਖਾ ਦੇਣਾ ਪਵੇਗਾ।

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥* *ਅੰਗ- ੬੫੬*

ਇਕ ਹੋਰ ਘਟਨਾ ਦਾ ਜ਼ਿਕਰ ਮਹਾਂਪੁਰਸ਼ ਕਰਿਆ ਕਰਦੇ ਸੀ ਕਿ ਫੌਜੀਆਂ ਲਈ ਮੱਛਰਦਾਨੀਆਂ ਦਾ ਆਡਰ ਦੇਣ ਲਈ ਟੈਂਡਰ ਪਾਸ ਕਰਨਾ ਸੀ। ਹੁਕਮ ਚੰਦ ਨਾਮ ਦਾ ਠੇਕੇਦਾਰ, ਜਿਸ ਦੀ ਉਪਰਲੇ ਅਫਸਰਾਂ ਨਾਲ ਰਿਸ਼ਵਤ ਦੀ ਗੰਢ-ਤੁਪ ਸੀ, ਉਹ ਘਰ ਆ ਕੇ ਕਹਿਣ ਲੱਗਾ ਜਾਂ ਤਾਂ ਆਹ ਦਸ ਹਜ਼ਾਰ ਰੁਪਈਆ ਫੜੋ ਜਾਂ ਛੁੱਟੀ ਦੀ ਅਰਜ਼ੀ ਤੇ ਦਸਤਖਤ ਕਰ ਦਿਓ ਕਿਉਂਕਿ ਮੈਂ ਟੈਂਡਰ ਪਾਸ ਕਰਵਾਉਣਾ ਹੈ। ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਨੇ ਨਾਂਹ ਕਰ ਦਿਤੀ, ਕਹਿਣ ਲੱਗੇ ਨਾ ਤੇਰੀ ਰਿਸ਼ਵਤ ਲੈਣੀ ਹੈ ਅਤੇ ਨਾ ਹੀ ਮੈਂ ਹੁਣ ਛੁੱਟੀ ਲਵਾਂਗਾ। ਈਮਾਨਦਾਰੀ ਨਾਲ ਘਟ ਰੇਟ ਵਾਲੇ ਦਾ ਟੈਂਡਰ ਪਾਸ ਕੀਤਾ ਜਾਵੇਗਾ। ਹੁਕਮ ਚੰਦ ਕਹਿਣ ਲੱਗਿਆ, ਸਰਦਾਰ ਜੀ! ਐਨੇ ਪੈਸੇ ਨਾਲ ਚੰਡੀਗੜ੍ਹ ਵਿਚ ਤਿੰਨ ਪਲਾਟ ਆ ਸਕਦੇ ਸੀ ਪਰ ਤੁਸੀਂ ਨਾਂਹ ਕਰ ਦਿਤੀ? ਮਹਾਂਪੁਰਸ਼ ਕਹਿਣ ਲੱਗੇ ਕਿ ਇਹ ਮੇਰੀ ਡਿਊਟੀ ਬਣ ਜਾਂਦੀ ਹੈ ਕਿ ਨਾਂ ਰਿਸ਼ਵਤ ਲੈਣੀ ਹੈ, ਨਾ ਹੀ ਕਿਸੇ ਨੂੰ ਦੇਣ ਦੇਣੀ ਹੈ। ਅਸੀਂ ਆਪਣੇ ਗੁਰੂ ਦੇ ਹੁਕਮ ਵਿਚ ਹੱਕ-ਸੱਚ 'ਤੇ ਖੜ੍ਹੇ ਹਾਂ। ਇਸ ਤਰ੍ਹਾਂ ਆਪ ਜੀ ਦੀ ਈਮਾਨਦਾਰੀ ਤੇ ਡਿਊਟੀ ਪ੍ਰਤੀ ਨਿਸ਼ਟਾ ਤੋਂ ਵੱਡੇ ਅਫਸਰ ਭੈਅ ਖਾਂਦੇ ਸਨ।

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*

*ਅੰਗ - ੧੪੧*

ਉਨ੍ਹਾਂ ਦੇ ਵੱਡੇ ਸਪੁੱਤਰ ਸ. ਮਨਜੀਤ ਸਿੰਘ ਜੀ ਨੇ ਮੇਰੇ ਨਾਲ ਇਕ ਹੋਰ ਬੜੀ ਦਿਲਚਸਪ ਗੱਲ ਸਾਂਝੀ ਕੀਤੀ ਜੋ ਕਿ ਸਾਡੇ ਸਮਾਜ ਵਿਚ ਬੀਬੀਆਂ ਵਾਸਤੇ ਬੜੀ ਉਤਸ਼ਾਹ ਭਰਪੂਰ ਹੋ ਸਕਦੀ ਹੈ। ਇਹ ਬਚਨ ਉਨ੍ਹਾਂ ਨੇ ਸਾਲਾਨਾ ਗੁਰਮਤਿ ਰੂਹਾਨੀ ਸਮਾਗਮ, ਰਤਵਾੜਾ ਸਾਹਿਬ ਵਿਚ 1 ਨਵੰਬਰ, 2022 ਨੂੰ ਹਾਜ਼ਰੀਨ ਸੰਗਤਾਂ ਨਾਲ ਵੀ ਸਾਂਝੇ ਕੀਤੇ ਸਨ। ਉਨ੍ਹਾਂ ਦਸਿਆ ਕਿ ਪੈਪਸੂ ਰਿਆਸਤ ਦੇ ਮਹਾਰਾਜਾ ਪਟਿਆਲੇ ਨੇ ਇਕ ਸਕੀਮ ਤਹਿਤ ਫੈਸਲਾ ਕੀਤਾ ਕਿ ਜਿਸ ਤਰ੍ਹਾਂ ਨਾਲ ਮਰਦਾਨਾ ਫੌਜੀਆਂ ਨੂੰ ਮਿਲਟਰੀ ਟਰੇਨਿੰਗ ਦਿਤੀ ਜਾਂਦੀ ਹੈ, ਉਸੇ ਤਰੀਕੇ ਨਾਲ ਬੀਬੀਆਂ ਨੂੰ ਵੀ ਭਰਤੀ ਕਰਕੇ ਟਰੇਨਿੰਗ ਦਿਤੀ ਜਾਵੇ। ਬੀਬੀਆਂ ਦੇ ਉਸ ਰਸਾਲੇ ਵਿਚ ਮੇਰੇ ਬੀਜੀ ਵੀ ਸਭ ਤੋਂ ਅੱਗੇ ਹੋ ਕੇ ਲੀਡਰ ਬਣ ਕੇ ਪਰੇਡ

ਕਰਵਾਇਆ ਕਰਦੇ ਸਨ। ਇਤਨੀ ਫੁਰਤੀ ਤੇ ਚੁਸਤੀ ਨਾਲ ਆਪ ਜੀ ਇਸ ਨੂੰ ਨਿਭਾਉਂਦੇ ਕਿ ਉਨ੍ਹਾਂ ਦੇ ਆਤਮ ਵਿਸ਼ਵਾਸ਼ ਨੂੰ ਤੱਕ ਕੇ ਸਾਰੇ ਦੇਖਣ ਵਾਲੇ ਆਫੀਸਰ ਅਸ਼-ਅਸ਼ ਕਰ ਉਠਦੇ ਸਨ। ਬੀਜੀ ਆਪਣੇ ਜੀਵਨ ਵਿਚ ਆਤਮ ਵਿਸ਼ਵਾਸ਼ ਤੇ ਦ੍ਰਿੜ੍ਹਤਾ ਦੀ ਮਿਸਾਲ ਆਪ ਹੀ ਸਨ। ਸ. ਮਨਜੀਤ ਸਿੰਘ ਜੀ ਕਹਿੰਦੇ ਕਿ ਮੇਰੇ ਪਿਤਾ ਜੀ (ਸੰਤ ਵਰਿਆਮ ਸਿੰਘ ਜੀ) ਕਿਹਾ ਕਰਦੇ ਸਨ ਕਿ ਤੁਹਾਡੇ ਬੀਜੀ ਵਿਚ ਉਚ ਦਰਜੇ ਦਾ ਆਤਮ ਵਿਸ਼ਵਾਸ਼ ਹੈ ਜਿਸ ਕਰਕੇ ਉਨ੍ਹਾਂ ਦੇ ਸਾਥ ਸਦਕਾ ਮੈਨੂੰ ਆਪਣੇ ਜੀਵਨ ਵਿਚ ਬਹੁਤ ਕਠਿਨ ਚੁਣੌਤੀਆਂ ਨੂੰ ਪਾਰ ਕਰ ਸਕਣ ਦੀ ਤਾਕਤ ਮਿਲੀ ਹੈ। ਮੇਰੇ ਦਾਦੀ ਜੀ ਮਾਤਾ ਇੰਦਰ ਕੌਰ ਜੀ ਕਿਹਾ ਕਰਦੇ ਸਨ ਕਿ ਜਦੋਂ ਦੀ ਬੀਬੀ ਰਣਜੀਤ ਕੌਰ ਸਾਡੇ ਘਰ ਆਈ ਹੈ, ਇਸ ਨੇ ਚਾਰ ਚੰਨ ਲਾ ਦਿਤੇ ਅਤੇ ਮੇਰਾ ਘਰ ਵਸਾ ਦਿਤਾ। ਮੇਰੇ ਬੀਜੀ ਮਹਾਂਪੁਰਸ਼ਾਂ ਤੇ ਸਾਧੂਆਂ ਦੀ ਸੇਵਾ ਕਰਨ ਨੂੰ ਆਪਣਾ ਪਰਮ ਧਰਮ ਸਮਝਦੇ ਸਨ। ਪਟਿਆਲੇ ਅਸੀਂ ਰਾਘੋਮਾਜਰਾ ਕਾਲੋਨੀ ਵਿਚ ਰਹਿੰਦੇ ਸੀ। ਮੈਨੂੰ ਯਾਦ ਹੈ ਕਿ ਮੈਂ ਉਦੋਂ ਤੀਜੀ ਜਮਾਤ ਵਿਚ ਪੜ੍ਹਦਾ ਸੀ। ਗਰਾਉਂਡ ਵਿਚ ਬਹੁਤ ਸਾਰੇ ਸਾਧੂ ਆਪਣੇ ਤਰੀਕੇ ਨਾਲ ਕਿਸੇ ਮੰਤਰ ਦਾ ਜਾਪ ਕਰ ਰਹੇ ਸੀ। ਮੈਂ ਜਾ ਕੇ ਬੀਜੀ, ਪਾਪਾ ਜੀ ਨੂੰ ਦੱਸਿਆ ਕਿ ਉਹ ਕਲ੍ਹ ਤੋਂ ਬੈਠੇ ਜਾਪ ਕਰ ਰਹੇ ਹਨ। ਬੀਜੀ ਨੇ ਉਸੇ ਵੇਲੇ ਪ੍ਰਸ਼ਾਦਾ ਤਿਆਰ ਕੀਤਾ ਤੇ ਪਾਪਾ ਜੀ ਨੂੰ ਨਾਲ ਲਿਜਾ ਕੇ ਸਾਰਿਆਂ ਨੂੰ ਭੋਜਨ ਵਰਤਾ ਕੇ ਤ੍ਰਿਪਤ ਕੀਤਾ। ਸੋ ਇਸ ਤਰ੍ਹਾਂ ਨਾਲ ਸਾਡੇ ਬੀਜੀ ਬਹੁਤ ਦਿਆਲੂ ਸੁਭਾਅ ਦੇ ਮਾਲਕ ਸਨ ਅਤੇ ਹਰ ਪੱਖੋਂ ਪੱਕੇ ਤੌਰ 'ਤੇ ਅਨੁਸ਼ਾਸ਼ਨ ਦੇ ਧਾਰਨੀ ਸਨ। ਹਰ ਚੀਜ਼ ਨੂੰ ਡਿਸਿਪਲਨ ਵਿਚ ਰੱਖਦੇ ਸਨ, ਜਿਸ ਮੁਤਾਬਿਕ ਉਹ ਆਪ ਵੀ ਆਪ ਚਲਦੇ ਅਤੇ ਸਾਨੂੰ ਸਾਰਿਆਂ ਨੂੰ ਚਲਾਉਂਦੇ ਸਨ। ਇਕ ਹੋਰ ਬੜੀ ਮਹੱਤਵਪੂਰਨ ਗੱਲ ਹੈ ਜੋ ਮੈਂ ਪਿਤਾ ਜੀ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਪਿਤਾ ਜੀ (ਸੰਤ ਵਰਿਆਮ ਸਿੰਘ ਜੀ) ਗਜ਼ਬ ਦੇ ਘੋੜਸਵਾਰ ਸਨ ਅਤੇ ਆਪਣੇ ਘੋੜੇ ਦਾ ਬਹੁਤ ਖਿਆਲ ਰੱਖਦੇ ਸਨ।

ਪਟਿਆਲੇ ਰਾਜ ਮਹਿਲਾਂ ਵਿਚ ਬਾਬਾ ਜੀ ਤੇ ਬੀਜੀ ਅਕਸਰ ਜਾਂਦੇ ਰਹਿੰਦੇ ਸਨ। ਜਦੋਂ ਉਥੇ ਕਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਰੱਖੇ ਜਾਂਦੇ ਤਾਂ ਬਾਬਾ ਜੀ ਦੀ ਰਸਨਾ ਤੋਂ ਗੁਰਬਾਣੀ ਦਾ ਮਿੱਠਾ, ਰੂਹਾਨੀ ਰਸ ਭਰਪੂਰ ਪਾਠ ਸੁਣ ਕੇ ਮਹਾਰਾਣੀ-ਮਹਾਰਾਜਾ ਤੇ ਹੋਰ ਸਭ ਬਹੁਤ ਖੁਸ਼ ਹੁੰਦੇ ਸਨ। ਬਾਬਾ ਜੀ ਦੱਸਿਆ ਕਰਦੇ ਕਿ ਇਕ ਵਾਰ ਅਸੀਂ ਰਾਜ ਮਹਿਲਾਂ ਵਿਚ ਮਿਲਣ ਗਏ ਤਾਂ ਬੀਜੀ ਦੇ ਰੋਅਬ-ਦਾਬ ਅਤੇ ਮਿਲਣ ਸਾਰ ਸਲੀਕੇ ਤੋਂ ਮਹਾਰਾਣੀ ਬਹੁਤ ਪ੍ਰਭਾਵਿਤ ਹੋਈ ਅਤੇ ਬਾਬਾ ਜੀ ਨੂੰ ਕਹਿਣ ਲੱਗੀ ਕਿ ਤੁਹਾਡੀ ਸੁਪਤਨੀ ਆਮ ਬੀਬੀਆਂ ਵਰਗੀ ਨਹੀਂ ਹੈ ਦੌਰਾਨ ਇਹ ਖਾਸ ਦੈਵੀ ਗੁਣਾਂ ਵਾਲੇ ਹਨ, ਅਖੰਡ ਪਾਠ ਦੇ ਦੌਰਾਨ, ਇਹ ਵੀ ਇਥੇ ਸਾਡੇ ਕੋਲ ਹੀ ਰਿਹਾ ਕਰੇ। ਉਸ ਵੇਲੇ ਬੀਜੀ, ਬਾਬਾ ਜੀ ਨੂੰ ਕਹਿਣ ਲੱਗੇ ਕਿ ਮੈਨੂੰ ਘਰ ਹੀ ਛੱਡ ਆਵੋ, ਮੈਂ ਇਨ੍ਹਾ ਦੀ ਜੀ-ਹਜ਼ੂਰੀ ਨਹੀਂ ਕਰ ਸਕਦੀ ਜੋ ਇਹ ਮੈਥੋਂ ਉਮੀਦ ਕਰਨਗੇ। ਸੋ ਬੀਜੀ ਆਪਣੇ ਸਵੈਮਾਨ ਪ੍ਰਤੀ ਬਹੁਤ ਸਾਵਧਾਨ ਅਤੇ ਆਪਣੀ ਮਿਸਾਲ ਆਪ ਹੀ ਸਨ।

ਸ. ਮਨਜੀਤ ਸਿੰਘ ਜੀ ਨੇ ਇਹ ਵੀ ਦਸਿਆ ਕਿ ਜਦੋਂ ਕਦੀ ਵੀ ਅਸੀਂ ਬੀਜੀ ਤੇ ਪਿਤਾ ਜੀ ਨੂੰ ਮਿਲਣ ਲਈ ਯੂ.ਪੀ ਆਉਂਦੇ ਤਾਂ ਬੀਜੀ ਨੇ ਪਿਤਾ ਜੀ ਨੂੰ ਕਹਿਣਾ ਕਿ ਇਥੇ ਸਿੱਧੇ-ਸਾਦੇ ਕਿਸਾਨ ਲੋਕ ਵਸਦੇ ਹਨ, ਇਨ੍ਹਾਂ ਨੂੰ ਗੂੜ੍ਹ ਗਿਆਨ ਸਮਝ ਵਿਚ ਨਹੀਂ ਆਉਣਾ, ਇਸ ਕਰਕੇ ਸਿੱਧੀ ਬੋਲੀ ਵਿਚ ਗੁਰਬਾਣੀ ਦਾ ਉਪਦੇਸ਼ ਦਿਆ ਕਰੋ ਤਾਂ ਕਿ ਗੁਰੂ ਦਾ ਉਪਦੇਸ਼ ਇਨ੍ਹਾਂ ਦੇ ਹਿਰਦੇ ਵਿਚ ਵਸ ਜਾਵੇ। 2001 ਦੀ ਗੱਲ ਹੈ ਕਿ ਮੈਂ ਜਦੋਂ ਅਮਰੀਕਾ ਤੋਂ ਮਾਤਾ-ਪਿਤਾ ਜੀ ਨੂੰ ਮਿਲਣ ਵਾਸਤੇ ਆਇਆ ਹੋਇਆ ਸੀ ਤਾਂ ਮੇਰੇ ਬੈਠਿਆਂ ਬਾਬਾ ਲਖਬੀਰ ਸਿੰਘ ਜੀ ਵੀ ਬੀਜੀ ਨੂੰ ਮਿਲਣ ਆਏ ਤੇ ਨਮਸ਼ਕਾਰ ਕੀਤੀ। ਉਸ ਵੇਲੇ ਬੀਜੀ ਨੇ ਬੜੇ ਸਨੇਹ ਨਾਲ ਇਨ੍ਹਾਂ ਦਾ ਸਿਰ ਚੁੰਮ ਕੇ ਬਹੁਤ ਪਿਆਰ ਦਿਤਾ ਤੇ ਕਿਹਾ ਬੇਟਾ! ਆਪਣੇ ਪਿਤਾ ਜੀ ਦਾ ਸਾਥ ਦੇ ਕੇ ਸੇਵਾ ਨਿਭਾਓ ਜੋ ਬਾਬਾ ਜੀ ਨੇ ਤੁਹਾਡੀ ਡਿਊਟੀ ਲਾਈ ਹੈ। ਇਸ ਤਰ੍ਹਾਂ ਨਾਲ ਸਾਰੀ ਸੰਗਤ ਦੇ ਪ੍ਰੇਮੀਆਂ ਨੂੰ ਬਹੁਤ ਪਿਆਰ ਦਿੰਦੇ ਸਨ।

ਇਸ ਤਰ੍ਹਾਂ ਨਾਲ ਪਟਿਆਲੇ ਵਿਚ ਸਰਵਿਸ ਕਰਦਿਆਂ ਤੇ ਵਿਚਰਦਿਆਂ ਬਾਬਾ ਜੀ ਤੇ ਬੀਜੀ ਨੇ ਅਨੇਕਾਂ ਜੀਵਾਂ ਨੂੰ ਸੁਮੱਤ ਦੇ ਕੇ ਗੁਰਮਤਿ ਦੇ ਰਾਹ ਤੇ ਤੋਰਿਆ। ਉਥੇ ਹੀ ਆਪ ਜੀ ਦੇ ਉੱਦਮ ਦੁਆਰਾ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਲਗਵਾ ਕੇ ਹਜ਼ਾਰਾਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਰਾੜਾ ਸਾਹਿਬ ਵਾਲੇ ਸੰਤ ਮਹਾਰਾਜ

ਜੀ ਦੇ ਦੀਵਾਨ ਅਕਸਰ ਇਥੇ ਲਗਦੇ ਰਹਿੰਦੇ ਸਨ। ਬੀਜੀ ਇਸ ਉੱਦਮ ਵਿਚ ਦਿਨ-ਰਾਤ ਸੰਗਤਾਂ ਦੀ ਸੇਵਾ ਵੀ ਕਰਦੇ ਅਤੇ ਨਾਲ ਦੀ ਨਾਲ ਦੀਵਾਨਾਂ ਦੀਆਂ ਹਾਜ਼ਰੀਆਂ ਵੀ ਭਰਿਆ ਕਰਦੇ ਸਨ। ਇਕ ਵਾਰ ਜਦੋਂ ਸੰਤ ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ ਸੀ ਤੇ ਸੰਗਤਾਂ ਇਕ ਮਨ ਇਕ ਚਿਤ ਹੋ ਕੇ ਅਮੋਲਕ ਬਚਨ ਸਰਵਣ ਕਰ ਰਹੀਆਂ ਸਨ। ਬੀਜੀ ਨੇ ਇਕ ਅਜੀਬ ਕ੍ਰਿਸ਼ਮਾ ਦੇਖਿਆ ਕਿ ਤਿੰਨ ਬੜੇ ਅਜੀਬ ਕਿਸਮ ਦੇ ਸੰਤ, ਜੋ ਕਿਸੇ ਹੋਰ ਬ੍ਰਹਿਮੰਡ ਦੇ ਲਗਦੇ ਸਨ, ਅੱਗੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਬੈਠ ਗਏ। ਬਾਅਦ ਵਿਚ ਜਾ ਕੇ ਇਹ ਬਚਨ ਬਾਬਾ ਜੀ ਨੇ ਸੰਗਤਾਂ ਵਿਚ ਵੀ ਸਾਂਝਾ ਕੀਤਾ ਸੀ ਅਤੇ ਦਾਸ ਨੂੰ ਵੀ ਸੁਣਾਇਆ ਸੀ। ਉਸ ਦਿਨ ਦੀ ਇਸ ਅਜੀਬ ਘਟਨਾ ਨੂੰ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਨੇ ਆਪਣੀ ਕਲਮ ਦੁਆਰਾ ਇਸ ਤਰ੍ਹਾਂ ਨਾਲ ਵਰਨਣ ਕੀਤਾ ਹੋਇਆ ਹੈ "ਸੰਤ ਮਹਾਰਾਜ ਰਾੜੇ ਸਾਹਿਬ ਵਾਲੇ, ਫਤਿਹਗੜ੍ਹ ਸਾਹਿਬ ਗੁਰਦੁਆਰਾ ਸਾਹਿਬ ਦੇ ਬਾਹਰ ਕੀਰਤਨ ਕਰ ਰਹੇ ਸਨ। ਸਟੇਜ ਬਹੁਤ ਹੀ ਖੁਲ੍ਹੀ-ਡੁਲ੍ਹੀ ਲਾਈ ਹੋਈ ਸੀ। ਸਟੇਜ ਦੇ ਸਾਮ੍ਹਣੇ ਚਾਦਰਾਂ ਵਿਛਾ ਕੇ ਕੁਝ ਜਗ੍ਹਾ ਬਚਦੀ ਸੀ, ਸੰਗਤਾਂ ਜ਼ਰਾ ਪਿੱਛੇ ਹਟ ਕੇ ਬੈਠੀਆਂ ਸਨ। ਮੈਂ ਵੀ ਪਰਿਵਾਰ ਸਮੇਤ ਦੀਵਾਨ ਸਰਵਣ ਕਰਨ ਲਈ ਚੰਡੀਗੜ੍ਹ ਤੋਂ ਆ ਕੇ ਬੈਠਾ ਹੋਇਆ ਸੀ। ਇਹ ਗੱਲ 1964-65 ਦੇ ਕਰੀਬ ਦੀ ਹੈ। ਮੇਰੇ ਨਾਲ ਸਰਦਾਰ ਗੁਰਨਾਮ ਸਿੰਘ (ਸਵਰਗਵਾਸੀ), ਸਾਬਕਾ ਚੀਫ ਮਨਿਸਟਰ ਪੰਜਾਬ ਦੇ ਘਰੋਂ ਬੀਬੀ ਸੰਤ ਕੌਰ ਜੀ ਵੀ ਸਨ। ਅਸੀਂ ਦੀਵਾਨ ਸੁਣ ਲਿਆ, ਭੋਗ ਪੈ ਗਿਆ ਤਾਂ ਮੇਰੇ ਘਰੋਂ ਬੀਬੀ ਰਣਜੀਤ ਕੌਰ ਜੀ ਇਕ ਦਮ ਉਠ ਕੇ ਆਏ ਅਤੇ ਮੈਨੂੰ ਕਹਿਣ ਲੱਗੇ ਕਿ ਦੀਵਾਨ ਵਿਚ ਤੁਹਾਡੇ ਅੱਗੇ ਆ ਕੇ ਤਿੰਨ ਬਹੁਤ ਹੀ ਅਲੌਕਿਕ ਰੂਹਾਂ ਬੈਠੀਆਂ ਸਨ, ਉਹ ਬੰਦੇ ਇਸ ਲੋਕ ਦੇ ਨਹੀਂ ਸਨ ਲੱਗ ਰਹੇ, ਤੁਸੀਂ ਉਨ੍ਹਾਂ ਨੂੰ ਪੁੱਛਿਆ ਕਿਉਂ ਨਾ, ਨਾ ਹੀ ਕੋਈ ਸੇਵਾ ਕੀਤੀ? ਉਹ ਭੋਗ ਪੈਣ ਤੋਂ ਪਹਿਲਾਂ ਹੀ ਚਲੇ ਗਏ ਸਨ। ਮੈਂ ਕਿਹਾ ਮੇਰੇ ਸਾਮ੍ਹਣੇ ਤਾਂ ਕੋਈ ਆਇਆ ਹੀ ਨਹੀਂ। ਉਸ ਨੇ ਕਈ ਵਾਰ ਕਿਹਾ ਕਿ ਤੁਹਾਡੇ ਸਾਮ੍ਹਣੇ ਤਾਂ ਬੈਠੇ ਸਨ। ਅਖੀਰ ਜਦੋਂ ਕੋਈ ਫੈਸਲਾ ਨਾ ਹੋ ਸਕਿਆ ਤਾਂ ਇਸ ਪ੍ਰਸ਼ਨ ਦੇ ਸਮਾਧਾਨ ਲਈ ਸਮਾਂ ਵਿਚਾਰ ਕੇ ਮੈਂ, ਸੰਤ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਬੀਬੀ ਰਣਜੀਤ ਕੌਰ ਬਾਰ-ਬਾਰ ਕਹਿ ਕਹਿ ਰਹੇ ਹਨ ਕਿ ਤਿੰਨ ਅਜੀਬ ਕਿਸਮ ਦੀਆਂ ਰੂਹਾਂ ਆ ਕੇ ਮੇਰੇ ਸਾਮ੍ਹਣੇ ਬਿਰਾਜ ਗਈਆਂ ਸਨ ਪਰ ਮਹਾਰਾਜ ਜੀ! ਮੈਂ ਤਾਂ ਦੇਖਿਆ ਨਹੀਂ? ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਗੱਲਾਂ ਬਹੁਤ ਗੁਪਤ ਰੱਖਣ ਵਾਲੀਆਂ ਹਨ ਪਰ ਗੁਰੂ ਮਹਾਰਾਜ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਅੰਦਰ ਸੰਕੇਤ ਆਉਂਦਾ ਹੈ ਕਿ ਜਿਥੇ ਦਰਗਾਹੀ ਕੀਰਤਨ ਹੁੰਦਾ ਹੈ ਉਹ ਥਾਂ ਬੈਕੁੰਠ ਬਣ ਜਾਂਦੀ ਹੈ, ਉਸ ਥਾਂ ਤੇ ਬੈਕੁੰਠ ਪਤੀ ਆਪਣੇ ਦੇਵਗਣਾਂ ਦੇ ਨਾਲ ਆ ਕੇ ਬਿਰਾਜ ਜਾਂਦੇ ਹਨ। ਉਨ੍ਹਾਂ ਦੀ ਮਰਜ਼ੀ ਹੈ ਭਾਵੇਂ ਉਹ ਪਹਿਲੀਆਂ ਲਾਈਨਾਂ ਵਿਚ ਬੈਠ ਜਾਣ, ਭਾਵੇਂ ਪਿਛਲੀਆਂ ਲਾਈਨਾਂ ਵਿਚ ਬੈਠ ਜਾਣ, ਭਾਵੇਂ ਅਦ੍ਰਿਸ਼ ਰੂਪ ਵਿਚ ਅਸਮਾਨ ਵਿਚ ਸਜੇ ਰਹਿਣ, ਐਸਾ ਮਹਾਂਪੁਰਸ਼ਾਂ ਦਾ ਫੁਰਮਾਨ ਹੈ ਕਿ 'ਹਰਿ ਕੀ ਕਥਾ ਹੋਤ ਹੈ ਜਹਾਂ। ਗੰਗਾ ਬੀ ਚਲ ਆਵਤ ਤਹਾਂ।' ਸਾਰੇ 68 ਤੀਰਥਾਂ ਦੇ ਅਭਿਮਾਨੀ ਦੇਵਤੇ ਸਤਿਸੰਗ ਵਿਚ ਜਾ ਕੇ ਸੇਵਾ ਕਰਨੀ ਲੋਚਦੇ ਹਨ। ਅਨੇਕਾਂ ਮਹਾਂਪੁਰਸ਼ਾਂ ਦੇ ਦੀਵਾਨਾਂ ਵਿਚ ਦੇਵਤੇ ਆ ਕੇ ਬਿਰਾਜਮਾਨ ਹੋ ਜਾਂਦੇ ਹਨ ਇਥੋਂ ਤੱਕ ਕਿ ਬ੍ਰਹਮ ਗਿਆਨੀਆਂ ਦੀ ਖੋਜ ਵਿਚ, ਦੇਵਤਾ ਲੋਕ ਇਸ ਮ੍ਰਿਤੂ ਲੋਕ ਵਿਚ ਭ੍ਰਮਣ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - ੨੭੩*

ਸੋ ਜਿਥੇ ਸਤਿਸੰਗ ਹੋ ਰਿਹਾ ਹੋਵੇ ਉਥੇ ਹਾਜ਼ਰੀ ਭਰਨ ਵਾਸਤੇ ਦੇਵਤੇ, ਪੁੱਗੀਆਂ ਹੋਈਆਂ ਰੂਹਾਂ ਅਤੇ ਸ਼ਹੀਦ ਸਿੰਘ ਵੀ ਆ ਜਾਇਆ ਕਰਦੇ ਹਨ। ਸੋ ਇਹ ਤਿੰਨੇ ਮੁਖ ਦੇਵਤੇ ਬੈਠੇ ਸਨ ਜੋ ਹਰ ਇਕ ਨੂੰ ਨਜ਼ਰ ਨਹੀਂ ਆਇਆ ਕਰਦੇ, ਕੇਵਲ ਸਤਿਗੁਰੂ ਜੀ ਦੀ ਮਿਹਰ ਨਾਲ ਦਿਬ-ਦ੍ਰਿਸ਼ਟੀ ਦੁਆਰਾ ਹੀ ਨਜ਼ਰ ਆਇਆ ਕਰਦੇ ਹਨ।

ਇਕ ਵਾਰ ਸਿੰਘਾਂ ਨੇ ਦਸਮ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਕੀ ਦੇਵਤੇ ਵੀ ਸਤਿਸੰਗ ਵਿਚ ਹਾਜ਼ਰੀ ਭਰਦੇ ਹਨ? ਉਸ ਵੇਲੇ ਸੱਚੇ ਪਾਤਸ਼ਾਹ ਜੀ ਨੇ ਮੁਸਕਰਾ ਕੇ ਬਚਨ ਕੀਤਾ ਕਿ ਸਿੰਘੋ! ਆ ਜਾਇਆ ਕਰਦੇ ਹਨ। ਸਿੰਘ ਕਹਿਣ ਲੱਗੇ, ਸੱਚੇ ਪਾਤਸ਼ਾਹ ਜੀ! ਕ੍ਰਿਪਾ ਕਰਕੇ ਸਾਨੂੰ ਵੀ ਦਰਸ਼ਨ ਕਰਵਾਓ। ਸਤਿਗੁਰੂ ਜੀ ਨੇ ਸਾਰਿਆਂ ਦੀ ਦਿਬੱਯ ਦ੍ਰਿਸ਼ਟ ਖੋਲ੍ਹਣ ਲਈ, ਤਾਲੀ ਮਾਰ ਕੇ ਇਸ ਤਰ੍ਹਾਂ ਨਾਲ ਉਚੀ ਆਵਾਜ਼ ਵਿਚ ਗੁਰਬਾਣੀ ਦੇ ਇਸ ਪਵਿੱਤਰ ਸ਼ਬਦ ਦਾ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ।

*ਸਰਬ ਭੂਤ ਆਪਿ ਵਰਤਾਰਾ ॥*

*ਸਰਬ ਨੈਨ ਆਪਿ ਪੇਖਨਹਾਰਾ ॥ ਅੰਗ - ੨੯੪*

ਉਸ ਵੇਲੇ ਸੰਗਤ ਨੂੰ ਸਾਰੇ ਦੇਵਤੇ ਕੁਝ ਉਚਾਈ ਤੇ ਹਵਾ ਵਿਚ ਚੌਂਕੜੇ ਮਾਰ ਕੇ ਬੈਠੇ ਦਿਖਾਈ ਦਿਤੇ। ਦੇਖ-ਦੇਖ ਕੇ ਸੰਗਤ ਪ੍ਰਸੰਨ ਹੋ ਰਹੀ ਸੀ ਪਰ ਕੁਝ ਸਮੇਂ ਬਾਅਦ ਉਨ੍ਹਾਂ ਵਿਚ ਹਿਲਜੁਲ ਸ਼ੁਰੂ ਹੋ ਗਈ ਤੇ ਅਕਾਸ਼ ਵੱਲ ਨੂੰ ਜਾਂਦੇ ਨਜ਼ਰ ਆਏ ਤੇ ਫੇਰ ਬਿਲਕੁਲ ਦਿਸਣੇ ਬੰਦ ਹੋ ਗਏ। ਜਦੋਂ ਦੀਵਾਨ ਦੀ ਸਮਾਪਤੀ ਹੋਈ ਸਿੰਘਾਂ ਨੇ ਪੁੱਛਿਆ, ਸੱਚੇ ਪਾਤਸ਼ਾਹ ਜੀ! ਪਹਿਲਾਂ ਨਜ਼ਰ ਆਉਂਦੇ ਸੀ ਫੇਰ ਜਲਦੀ ਨਾਲ ਅਦ੍ਰਿਸ਼ਟ ਕਿਉਂ ਹੋ ਗਏ? ਸਤਿਗੁਰੂ ਜੀ ਕਹਿਣ ਲੱਗੇ, ਤੁਸੀਂ ਦੇਖਿਆ ਹੋਵੇਗਾ ਸਾਨੂੰ ਇਕ ਰਾਜਾ ਮਿਲਣ ਆਇਆ ਸੀ ਤੇ ਉਹ ਨਮਸ਼ਕਾਰ ਕਰਕੇ ਸਾਡੇ ਨੇੜੇ ਬੈਠਾ ਸੀ। ਕਹਿੰਦੇ ਹਾਂ ਹਜ਼ੂਰ, ਸੱਚੇ ਪਾਤਸ਼ਾਹ ਜੀ! ਸਤਿਗੁਰੂ ਜੀ ਕਹਿਣ ਲੱਗੇ ਕਿ ਉਸ ਨੇ ਹਫਤਾ ਪਹਿਲਾਂ ਧੂਮਰਪਾਨ (ਤਮਾਕੂ) ਦਾ ਸੇਵਨ ਕੀਤਾ ਸੀ ਤੇ ਉਸ ਦੇ ਸਰੀਰ ਵਿਚੋਂ ਹਾਲੇ ਵੀ ਦੁਰਗੰਧ ਆ ਰਹੀ ਸੀ। ਦੇਵਤੇ ਇਸ ਪ੍ਰਕਾਰ ਦੀ ਸੂਖਸ਼ਮ ਦੁਰਗੰਧ ਨੂੰ ਵੀ ਸਹਿ ਨਹੀਂ ਸਕਦੇ ਤੇ ਜੇ ਕੋਈ ਮਨੁੱਖ ਜਗਤ ਜੂਠ ਦਾ ਸੇਵਨ ਕਰੇ ਉਸ ਦੇ ਨੇੜੇ ਵੀ ਨਹੀਂ ਆਇਆ ਕਰਦੇ। ਇਸ ਕਰਕੇ ਸਾਰੇ ਆਏ ਤਾਂ ਸੀ ਪਰ ਉਸ ਰਾਜੇ ਦੇ ਦਰਬਾਰ ਵਿਚ ਆਉਣ ਕਰਕੇ ਚਲੇ ਗਏ। ਇਸੇ ਲਈ ਰਹਿਤਨਾਮੇ ਵਿਚ ਕਿਹਾ ਹੈ ਕਿ ਦੇਵਤੇ ਤਾਂ ਕੀ ਉਨ੍ਹਾਂ ਦੇ ਪਿਤਰ ਵੀ ਛੱਡ ਦਿੰਦੇ ਹਨ।

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਅੰਦਰ ਰੁਕਨਦੀਨ ਦੇ ਪ੍ਰਸ਼ਨ ਦਾ ਸਮਾਧਾਨ ਕਰਦਿਆਂ ਇਹ ਬਚਨ ਉਚਾਰੇ ਸਨ, ਜੋ ਜਨਮ ਸਾਖੀ ਵਿਚ ਇਸ ਪ੍ਰਕਾਰ ਨਾਲ ਵਿਦਿਤ ਹਨ।

*ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।*
*ਦਰਗਹ ਅੰਦਰ ਮਾਰੀਅਨ ਜੋ ਪੀਂਦੇ ਭੰਗ ਸ਼ਰਾਬ।*
*ਚਰਸ ਅਫੀਮੀ ਪੋਸਤੀ ਚਿਲਮਾਂ ਛਿਕਨ ਪਿਸ਼ਾਨ।*
*ਖਾਨ ਮਜੂਨਾਂ ਕਤਲੀਆ ਸੀਖੀਂ ਲਾਇ ਕਬਾਬ।*
*ਪੀਂਦੇ ਭੰਗ ਤੁਕਾਇਕੇ ਜਹੁਰੀ ਨਾਲ ਰਲਾਇ।*
*ਦੁਨੀਆਂ ਮਾਨਣ ਮਸਤੀਆਂ ਦਰਗਹਿ ਲੈਣ ਸਜਾਇ।*
*ਜਿਉਂ ਤਿਲ ਘਾਣੀ ਪੀੜੀਅਨ ਦੁਹਾਂ ਜਹਾਨਾ ਮਾਹਿ।*
*ਰਮਣ ਪਰਾਈਆਂ ਔਰਤਾਂ ਤਪੜ ਥੰਮ ਗਲ ਲਾਇ।*
*ਸਿੱਕਾ ਘਾਲ ਸਹੰਸ੍ਰ ਮਨ ਮੁਹੀਂ ਤਿਨਾਦੀ ਪਾਹਿ।*
*ਜੋ ਅਮਲ ਬਿਕਾਰੀ ਸੰਗ ਕਰੇ ਤਿਨਾਂ ਮਿਲੇ ਸਜਾਇ।*
*ਦੁਹੀਂ ਜਹਾਨੀਂ ਜਰਦ ਰੋਇ ਰਹਿੰਦੇ ਸਦਾ ਖੁਆਰ।*
*ਸੋਫੀ ਖਾਸੇ ਮਜਲਸੀ ਤਿਨੇ ਸੱਚ ਖੁਆਰ।*
*ਚੋਰ ਹਰਾਮੀ ਕੁਮਾਰ ਬਾਜ ਇਨਾਂ ਪੀੜਨ ਘਾਣੀ ਪਾਇ।*
*ਮੁਖਹੁ ਪੁਕਾਰਨ ਹਾਇ ਹਾਇ ਅਗੋਂ ਸੁਣੀਐ ਨਾਹੀਂ ਕਾਇ॥*
*(ਜਨਮ ਸਾਖੀ)*

ਇਸੇ ਤਰ੍ਹਾਂ ਜਿਹੜੇ ਨਸ਼ਿਆਂ ਦਾ, ਮਾਸ-ਸ਼ਰਾਬ ਦਾ ਸੇਵਨ ਕਰਦੇ ਹਨ ਉਨ੍ਹਾਂ ਦੇ ਪੁੰਨ-ਫਲ ਦਾਨ, ਤੀਰਥਾਂ ਦੇ ਇਸ਼ਨਾਨ, ਬ੍ਰਤ ਆਦਿ ਰਖਣੇ ਸਭ ਨਿਹਫਲ ਚਲੇ ਜਾਂਦੇ ਹਨ। ਇਸ ਬਾਰੇ ਪਵਿੱਤਰ ਫੁਰਮਾਨ ਹੈ-

*ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥*
*ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥*
*ਅੰਗ - ੧੩੭੭*

ਦੇਵਤਿਆਂ ਪ੍ਰਥਾਇ ਇਹ ਸਾਖੀ ਪਿਆਰੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਸੰਗਤਾਂ ਨੂੰ ਦੀਵਾਨ ਵਿਚ ਸੁਣਾਇਆ ਕਰਦੇ ਸਨ। ਆਪ ਜੀ ਨੇ ਇਥੇ ਫੌਜ ਵਿਚ ਸਰਵਿਸ ਕਰਦਿਆਂ ਜਿਥੇ ਆਪਣੇ ਕਿਰਦਾਰ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਇਆ ਉਥੇ ਅਨੇਕਾਂ ਪ੍ਰਾਣੀਆਂ ਨੂੰ ਪ੍ਰਮਾਰਥ ਤੇ ਰਾਹ 'ਤੇ ਤੋਰਿਆ, ਉਹ ਭਾਵੇਂ ਸ਼ਾਹੀ ਪਰਿਵਾਰ ਵਿਚੋਂ ਸੀ, ਆਮ ਸਧਾਰਨ ਵਿਅਕਤੀ ਸੀ, ਆਪ ਦੇ ਦਫਤਰ ਦਾ ਸਹਿਯੋਗੀ ਸੀ ਜਾਂ ਆਪ ਦਾ ਅਫਸਰ ਸੀ।

ਸੋ ਆਪ ਜੀ ਨੇ ਪਟਿਆਲਾ ਫੌਜ ਵਿਚ 12 ਸਾਲ ਦੇ ਲਗਭਗ ਸੰਨ 1941 ਤੋਂ 1952 ਤੱਕ ਸਰਵਿਸ ਕੀਤੀ ਕਿਉਂਕਿ ਉਸ ਵੇਲੇ ਪੈਪਸੂ ਰਿਆਸਤ ਨੂੰ ਪੰਜਾਬ ਵਿਚ ਮਿਲਾ ਦਿਤਾ ਗਿਆ ਸੀ। ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਦੇ ਤੌਰ 'ਤੇ ਵਿਕਸਿਤ ਕੀਤਾ ਗਿਆ ਸੀ। ਸਭ ਤੋਂ ਪਹਿਲਾਂ ਸੈਕਟਰੀਏਟ ਬਣਿਆ ਤੇ ਨਾਲ ਦੀ ਨਾਲ ਸੈਕਟਰ 22 ਅਤੇ 23 ਨੂੰ ਵਿਕਸਿਤ ਕਰਕੇ ਸਰਕਾਰੀ ਮੁਲਾਜ਼ਮਾਂ ਵਾਸਤੇ ਵਸੋਂ ਲਈ ਮਕਾਨ ਬਣਾਏ ਗਏ। ਉਸ ਵੇਲੇ ਆਪ ਜੀ ਨੂੰ ਸੈਕਟਰੀਏਟ ਵਿਚ ਸਰਵਿਸ ਦੇ ਕੇ ਤਾਇਨਾਤ ਕੀਤਾ ਗਿਆ ਜਿਸ ਕਰਕੇ ਆਪ ਜੀ ਨੂੰ ਸੈਕਟਰ 23, ਚੰਡੀਗੜ੍ਹ ਵਿਚ ਸਰਕਾਰੀ ਰਿਹਾਇਸ਼ੀ ਮਕਾਨ ਅਲਾਟ ਕੀਤਾ ਗਿਆ। ਉਸ ਵੇਲੇ ਤੋਂ ਆਪ ਜੀ ਨੇ ਆਪਣੇ ਪਰਿਵਾਰ, ਬੀਜੀ ਤੇ ਬੱਚਿਆਂ ਸਮੇਤ ਇਥੇ ਹੀ ਰਹਿਣਾ ਸ਼ੁਰੂ ਕੀਤਾ। ਨਵੀਂ ਰਾਜਧਾਨੀ ਬਣਨ ਕਰਕੇ ਇਥੇ ਸਰਕਾਰ ਵੱਲੋਂ ਆਪਣੇ ਸਰਕਾਰੀ ਮੁਲਾਜ਼ਮਾਂ ਦੇ ਰਹਿਣ-ਸਹਿਣ ਵਾਸਤੇ ਸਾਰੀਆਂ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਸਨ।

*'ਚਲਦਾ.............।'*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-52)*

ਹਮਜ਼ਾ ਗੌਂਸ ਨੂੰ ਰਸਤੇ ਪਾ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਸਿਆਲਕੋਟੋਂ ਟੁਰ ਪਏ। ਉਪਕਾਰੀ ਬੱਦਲ ਦੀ ਤਰ੍ਹਾਂ ਨਾਲ ਦਾਨ ਦੀ ਵਰਖਾ ਕਰਦੇ ਆਪ ਪਸਰੂਰ ਹੁੰਦੇ ਹੋਏ ਮੀਏਂ ਮਿੱਠੇ ਦੇ ਕੋਟਲੇ ਆ ਨਿਕਲੇ। ਕੋਟਲੇ ਤੋਂ ਅੱਧ ਕੁ ਕੋਹ ਦੀ ਵਾਟ ਤੇ ਇਕ ਸੁਹਾਵਣਾ ਬਾਗ ਸੀ, ਆਪ ਨੇ ਇਸ ਵਿਚ ਡੇਰਾ ਲਾ ਦਿਤਾ।

ਇਕ ਨਾਮੀ ਪੀਰ ਮੀਆ ਮਿੱਠਾ ਏਥੇ ਰਹਿੰਦਾ ਸੀ। ਇਕ ਦਿਨ ਇਹ ਮੀਆਂ ਮਿੱਠਾ ਆਪਣੇ ਮੁਰੀਦਾਂ ਦੀ ਮਜਲਸ ਵਿਚ ਬੈਠਾ ਸੀ, ਗੱਲਾਂ-ਬਾਤਾਂ ਹੋ ਰਹੀਆਂ ਸਨ ਕਿ ਕਿਸੇ ਨੇ ਸਿਆਲਕੋਟ ਦੇ ਹਮਜ਼ਾਗੌਂਸ ਵਾਲੀ ਗੱਲ ਸੁਣਾਈ ਕਿ ਉਹ ਫਕੀਰ ਗੁੱਸੇ ਵਿਚ ਆ ਕੇ ਚਿੱਲ੍ਹੇ ਬੈਠਾ ਸੀ ਕਿ ਸ਼ਹਿਰ ਤਬਾਹ ਕਰਨਾ ਹੈ ਪਰ ਗੁਰੂ ਨਾਨਕ ਨੇ ਉਸ ਦਾ ਚਿਲ੍ਹਾ ਤੋੜਿਆ ਤੇ ਉਸ ਤੋਂ ਆਪਣੀ ਈਨ ਮਨਵਾਈ।

ਮੀਆਂ ਮਿੱਠਾ (ਦੰਦ ਕਰੀਚ ਕੇ) - ਹਿੰਦੂ ਨੇ ਮੋਮਨ ਉਤੇ ਆਪਣੇ ਕਸ਼ਫ ਦਾ ਜ਼ੋਰ ਪਾ ਵਿਖਾਲਿਆ? ਹੋ ਨਹੀਂ ਸਕਦਾ।

ਮੁਰੀਦ-ਜਨਾਬ! ਆਪ ਠੀਕ ਫੁਰਮਾਉਂਦੇ ਹੋ ਪਰ ਇਹ ਗੁਲਾਮ ਉਥੋਂ ਆਇਆ ਹੈ। ਹਮਜ਼ਾਗੌਂਸ ਨੇ ਸ਼ਰਨ ਮੰਨੀ ਹੈ, ਆਪਣੀ ਭੁੱਲ ਤਸਲੀਮ ਕੀਤੀ ਹੈ ਤੇ ਉਨ੍ਹਾਂ ਦੀ ਹਿਦਾਯਤ ਮੰਨੀ ਹੈ। ਸਾਰੇ ਜਹਾਨ ਨੂੰ ਪਤਾ ਹੈ ਤੇ ਪੀਰ ਜੀ! ਇਕ ਦੀ ਕੀ ਗੱਲ ਹੈ, ਓਥੇ ਤਾਂ ਜੋਗੀ ਸਿੱਧ ਕਈ ਹਾਰਾਂ ਮੰਨ ਕੇ ਕੰਨਾਂ ਨੂੰ ਹੱਥ ਲਾ-ਲਾ ਗਏ ਹਨ। ਪੀਰ ਫਕੀਰ ਕਈ ਉਹਨਾਂ ਦੇ ਅੱਗੇ ਨਿਉਂ ਚੁੱਕੇ ਹਨ।

ਮਿੱਠਾ (ਘਬਰਾ ਕੇ) - ਇਹ ਦਸ ਖਾਂ ਉਹ ਕੋਈ ਮੁਸਲਮਾਨੀ ਸ਼ਰ੍ਹਾ ਫਿਕਾ ਬੀ ਜਾਣਦਾ ਹੈ?

ਮੁਰੀਦ - ਉਹ ਕੋਈ ਸ਼ਾਸਤਰਾਂ, ਸ਼ਰ੍ਹਾ ਦੇ ਮਸਲਿਆਂ ਉਤੇ ਤਾਂ ਨਹੀਂ ਝਗੜਦਾ, ਝਗੜਾ ਤਾਂ ਕਰਦਾ ਹੀ ਨਹੀਂ, ਕਿਸੇ ਨੂੰ ਮਾੜਾ ਨਹੀਂ ਆਖਦਾ, ਕਿਸੇ ਨਾਲ ਬਖੇੜਾ ਨਹੀਂ ਕਰਦਾ। ਜਿਥੇ, ਜਿਸ ਭੋਰਸੇ ਦੀਨ ਸ਼ਰਾ, ਜਿਸ ਈਮਾਨ ਵਿਚ ਕੋਈ ਹੈ ਉਥੋਂ ਹੀ ਉਸ ਨੂੰ ਲੈ ਕੇ ਟੁਰ ਪੈਂਦਾ ਹੈ। ਫਿਰ ਕੋਈ ਐਸੀ ਗੱਲ ਕੱਢਦਾ ਹੈ ਕਿ ਅਗਲੇ ਨੂੰ ਆਪ ਆਪਣੀ ਕਸਰ ਦਿਸ ਪੈਂਦੀ ਹੈ, ਉਹ ਮੰਨ ਖੜੋਂਦਾ ਹੈ। ਫਿਰ ਕੋਈ ਕਮਾਲ ਹੈ ਜਾਂ ਹੱਦ ਦੀ ਇਕ ਬਰਕਤ ਹੈ ਇਲਾਹੀ, ਨੈਣ ਰੰਗੀਲੇ ਮਤਵਾਲੇ ਰਹਿੰਦੇ ਹਨ, ਮੱਥਾ ਜਲਾਲ ਦਾ ਭਰਿਆ ਹੈ, ਚਿਹਰੇ ਤੇ ਹੁਸਨ ਹੈ। ਮੈਂ ਸਹੁੰ ਖਾ ਕੇ ਕਹਿੰਦਾ ਹਾਂ, ਹਾਂ ਮੈਂ ਅੱਖੀਂ ਡਿੱਠਾ ਕਹਿੰਦਾ ਹਾਂ, ਯੂਸਫ ਸੁਣਿਆ ਹੈ ਸੁਹਣਾ ਪਰ ਇਸ ਵਰਗਾ ਇਸ ਮੇਰੀ ਅੱਖੀਂ ਡਿੱਠੇ ਵਰਗਾ ਨਹੀਂ ਹੋਣਾ, ਖਿਮਾ ਕਰਨੀ ਮੈਂ ਮੁਬਾਲਗਾ (ਬਣਾ ਕੇ ਵਧ ਗੱਲ ਕਹਿਣੀ) ਨਹੀਂ ਕਰਦਾ। ਕੋਈ ਤਾਸੀਰ ਹੈ ਤੱਕਣੀ ਵਿਚ, ਕਲਾਮ ਵਿਚ, ਹੱਥ ਛਿੜਕਣੀ ਵਿਚ ਕਿ ਆਪ ਮੁਹਾਰਾ ਆਦਮੀ ਝੁਕ-ਝੁਕ ਪੈਂਦਾ ਤੇ ਪਿਆਰਾਂ ਦੀਆਂ ਝਰਨਾਟਾਂ ਵਿਚ ਖਿਚੀਂਦਾ ਹੈ।

ਮਿੱਠਾ (ਝੁੰਜਲਾ ਕੇ) -ਕਿਤੇ ਬੇਅੰਤ ਤਾਂ ਨਹੀਂ ਲੈ ਆਯਾ?

ਮੁਰੀਦ - ਮਸਾਂ ਹੀ ਬਚਿਆ ਜੇ, ਸੱਚ ਇਹੋ ਹੈ। ਹੈ ਗੁਸਤਾਖੀ, ਪਰ ਹਜ਼ੂਰ ਦੇ ਸਾਮ੍ਹਣੇ ਤਾ ਵਲਵਲਾ ਦੀ ਗੱਲ ਨਹੀਂ ਨਾ ਬਣਦੀ। ਇਕ ਮੈਂ ਕੀਹ, ਕਿੜੀਆਂ ਪਠਾਣਾਂ ਦੇ ਸਾਰੇ ਪਠਾਣ ਤੇ ਅਫਗਾਨ, ਮੁਸਲਮਾਨ ਮੁਰੀਦ ਹੋ ਚੁਕੇ ਜੇ?

ਮਿੱਠਾ - (ਠੰਢਾ ਸਾਹ ਭਰ ਕੇ) - ਨਾਨਕ ਬੁੱਤ ਪ੍ਰਸਤ ਬੀ ਹੈ?

ਮੁਰੀਦ - ਨਹੀਂ।

ਮਿੱਠਾ - ਹਿੰਦੂ ਤੇ ਬੁਤਪ੍ਰਸਤ ਨਹੀਂ?

ਮੁਰੀਦ - ਉਹ ਹੈ ਤਾਂ ਖੱਤਰੀਆਂ ਦੇ ਇਕ ਉੱਚ ਘਰਾਣੇ ਦਾ ਹਿੰਦੂ, ਪਰ ਉਹ ਹਿੰਦੂ ਕਿ ਮੁਸਲਮਾਨ ਕਿਸੇ ਲੀਕ ਵਿਚ ਲੁਕ ਨਹੀਂ ਬਹਿੰਦਾ, ਦੋਹਾਂ ਤੋਂ ਸਿਰ ਫੇਰਦਾ ਹੈ ਤੇ ਦੋਹਾਂ ਦਾ ਹਾਦੀ ਬਣ ਕੇ ਉਪਦੇਸ਼ਦਾ ਹੈ। ਮੀਆਂ ਜੀ! ਮੇਰਾ ਮੂੰਹ ਨਿੱਕਾ ਗੱਲ ਵੱਡੀ ਹੈ, ਪਰ ਉਹ ਕੋਈ ਜਾਪਦਾ ਹੈ ਜਿਵੇਂ ਹੁੰਦਾ ਹੈ ਉਹ...ਉ....ਉਹ।

ਮਿੱਠਾ - 'ਉਹ' ਕੀਹ?

ਮੁਰੀਦ - ਉਹ, ਕੁਫਰ ਹੈ ਬਕਣਾ....। ਤੁਸੀਂ

ਖ਼ਫਾ ਹੋਸੋ।

ਮਿੱਠਾ - ਨਹੀਂ, ਕਹੁ ਜੋ ਤੇਰਾ ਖਿਆਲ ਹੈ।

ਮੁਰੀਦ - ਮੈਂ ਕਦੀ ਡਿੱਠਾ ਨਹੀਂ, ਸੁਣਿਆ ਹੈ, ਇਸੇ ਕਰਕੇ ਪੱਕੇ ਤਾਂ ਨਹੀਂ ਨਾ ਐਵੇਂ ਖਿਆਲ ਹੀ ਕਹਿ ਸਕੀਦਾ ਹੈ।

ਮਿੱਠਾ - ਪਰ ਜੋ ਖਿਆਲ ਹਈ ਆਖ ਤਾਂ ਛੱਡ ਜੋ ਕੁਛ ਸਮਝੇ ਪਵੇ।

ਮੁਰੀਦ - (ਅਟਕ ਅਟਕ ਕੇ) ਜਿਵੇਂ ਕੋਈ ਹੁੰਦਾ ਹੈ ਪਿ...ਕੰ....ਬਰ।

ਮਿੱਠਾ - ਲਾਅਨਤ ਤੇਰੇ ਤੇ ਮਰਦੂਦ! ਉਹ ਤਾਂ ਆਖਰੀ ਹੋ ਚੁਕਾ ਹੈ, ਹੋਰ ਨਹੀਂ ਹੋਣਾ...ਵਿਗੜੇ ਹੋਏ।

ਮੁਰੀਦ - ਪੀਰ ਜੀ! ਬਦ ਦੁਆ ਤਾਂ ਨਾ-ਨਾ ਦਿਓ। ਮੈਂ ਇਸੇ ਕਰਕੇ ਨਹੀਂ ਸਾਂ ਆਖਦਾ। ਮੈਂ ਕੋਈ ਆਪਣੇ ਹਜ਼ਰਤ ਜੀ ਤੋਂ ਮੁਨਾਫਿਕ ਤਾਂ ਨਹੀਂ ਨਾ ਹੋਇਆ, ਮੈਂ ਤਾਂ ਗੱਲ ਕੀਤੀ ਹੈ। ਪਰ ਦੇਖੋ ਤੁਸਾਂ ਵਾਲੀ ਗੱਲ ਮੈਂ ਉਨ੍ਹਾਂ ਦੇ ਇਕ ਮੁਸਲਮਾਨ ਮੁਰੀਦ ਤੋਂ ਪੁੱਛੀ ਸੀ, ਉਹ ਕਹਿਣ ਲੱਗਾ ਬਹੁਤ ਸਾਡੇ ਵਿਚੋਂ ਉਨ੍ਹਾਂ ਨੂੰ ਵਲੀ ਮੰਨਦੇ ਹਨ ਤੇ ਬਹੁਤੇ ਪਿਕੰਬਰ। ਮੈਂ ਕਿਹਾ ਰਸੂਲ ਤਾਂ ਆਖਰੀ ਆ ਚੁੱਕਾ, ਤੁਸੀਂ ਕਿਵੇਂ ਇਹ ਗੱਲ ਮੰਨਦੇ ਹੋ? ਉਹ ਆਖਣ ਲੱਗਾ ਕਿ ਗੱਲ ਠੀਕ ਹੈ ਪਰ ਉਹ ਰਸੂਲ ਤਾਂ ਆਖਰੀ ਪਿਕੰਬਰ ਤਾਂ ਪੱਛੋਂ ਵਿਚ ਹੈਸੀ, ਮੁਹੰਮਦ ਉਨ੍ਹਾਂ ਵਿਚੋਂ ਆਖਰੀ ਸੀ, ਉਥੇ ਹੋਰ ਕੋਈ ਨਹੀਂ ਹੋਇਆ। ਨਾਲੇ ਅੱਲਾ ਨੇ ਆਪ ਕਿਹਾ ਹੈ ਕਿ ਮੈਂ ਹਰ ਦੇਸ਼ ਨੂੰ ਪਿਕੰਬਰ ਦੇਂਦਾ ਹਾਂ। ਨਾਲੇ ਜੋ ਮੈਂ ਕਿਹਾ ਹੈ ਕਿ ਮੈਨੂੰ ਉਸ ਨੇ ਦੱਸੀ ਸੀ, ਇਹ ਸੀ ਕਿ ਅਸੀਂ ਤਾਂ ਅਮਲਾਂ ਵਿਚ ਮੁਸਲਮਾਨ ਨਹੀਂ ਰਹੇ, ਇਸ ਦੇਸ਼ ਵਿਚ ਆ ਕੇ ਬੜੇ ਜ਼ਾਲਮ ਤੇ ਗੁਨਾਹਗਾਰ ਹੋ ਗਏ ਹਾਂ, ਇਸ ਕਰਕੇ ਅੱਲਾ ਨੇ ਨਵਾਂ ਪਿਕੰਬਰ ਏਥੇ ਘੱਲਿਆ ਹੈ। ਮੈਂ ਜੋ ਕਹਿ ਰਿਹਾ ਹਾਂ, ਪੀਰ ਜੀ! ਇਹ ਉਥੇ ਮੁਸਲਮਾਨ ਮੁਰੀਦ ਕਹਿ ਰਹੇ ਸਨ।

ਮਿੱਠਾ (ਬੁੱਲ੍ਹ ਟੁਕ ਹੇ) - ਜਿਹੇ ਉਹ ਊਤ ਤਿਹਾ ਵਿਗੜਿਆ ਕਪੂਤ ਤੂੰ।

ਮੁਰੀਦ - ਨਹੀਂ ਪੀਰ ਜੀ! ਮੈਨੂੰ ਥਾਪੜਾ ਦਿਓ ਮੈਂ ਭਾਵੇਂ ਕਿੰਨਾਂ ਪਤੀਜਿਆ, ਪਰ ਫੇਰ ਦੇਖੋ ਸੁੱਕੇ ਪੈਰੀਂ ਦਰਿਆ ਲੰਘ ਆਇਆ ਜੇ, ਮੈਂ ਨਹੀਂ ਮੁਰੀਦ ਹੋਇਆ।

ਮਿੱਠਾ (ਮੁਸਕਰਾ ਕੇ) - ਸ਼ਾ...ਬਾ...ਸ਼।

ਇੰਨੇ ਨੂੰ ਇਕ ਹੋਰ ਆਦਮੀ ਸਲੀਮ ਨਾਮ ਦਾ ਆ ਗਿਆ ਤੇ ਝੁੱਕ ਕੇ ਫਰਸ਼ੀ ਸਲਾਮ ਕਰਕੇ ਬਹਿ ਗਿਆ।

ਮਿੱਠਾ - ਸਲੀਮ! ਰਾਜ਼ੀ ਹੈਂ ਬਈ, ਖੈਰ ਹੈ ਸਭ ਤਰ੍ਹਾਂ?

ਸਲੀਮ - ਜੀ ਹਜ਼ੂਰ! ਆਪ ਦੀ ਬਰਕਤ ਹੈ।

ਮਿੱਠਾ - ਦੇਹ ਕੋਈ ਨਵੀਂ ਗੱਲ ਬਾਤ ਨਗਰ ਦੀ, ਦੇਸ਼ ਦੀ?

ਸਲੀਮ - ਨਵੀਂ ਗੱਲ, ਪੀਰ ਜੀ! ਇਹ ਹੈ ਕਿ ਐਥੋਂ ਕੋਸ ਅੱਧ ਉੱਪਰ ਵਡੇ ਬਾਗ ਵਿਚ ਕੋਈ ਫਕੀਰ ਆ ਉਤਰਿਆ ਹੈ, ਕਹਿੰਦੇ ਹਨ ਹਿੰਦੂ ਹੈ, ਪਰ ਨਾਲ ਉਸ ਦੇ ਇਕ ਮੁਰੀਦ ਮੁਸਲਮਾਨ ਬੀ ਹੈ। ਫੇਰ ਉਹ ਮੁਸਲਮਾਨ ਗਾਉਂਦਾ-ਵਜਾਉਂਦਾ ਹੈ ਪਰ ਹੈ ਜੇ ਬੜਾ ਖੁਸ਼ਇਲਹਾਨ, ਐਸੀ ਮਿੱਠੀ ਆਵਾਜ਼ ਹੈ ਕਿ ਕੀ ਕਹਾਂ? ਤੇ ਨਾਲ ਬਜੱਯਾ ਬੀ ਕਮਾਲ ਦਾ ਹੈ, ਬੱਸ ਵਗਦੇ ਦਰਿਯਾ ਬੰਨ੍ਹਦਾ ਹੈ, ਦਿਨ ਹੀ ਹੋਏ ਹੈਨ ਆਇਆਂ ਨੂੰ ਕਿ ਲੁਕਾਈ ਚੋਖੀ ਆਉਣ ਲੱਗ ਪਈ ਹੈ।

ਮਿੱਠਾ - ਲੋਕਾਂ ਦੀ ਭੇਡ-ਚਾਲ ਹੈ, ਨਵੀਂ ਗੱਲ ਦੇ ਮਗਰ ਸਾਰੇ ਉੱਠ ਦੌੜਦੇ ਹਨ। ਹੜ੍ਹਾਂ ਨਾਲ ਕਈ ਨਵੇਂ ਸੋਤ ਵਗ ਪੈਂਦੇ ਹਨ, ਪਰ ਦਰਿਯਾ ਪੁਰਾਣੇ ਪਾੜਾਂ ਵਿਚ ਹੀ ਟੁਰੇ ਰਹਿੰਦੇ ਹਨ।

ਸਲੀਮ - ਦਰੁਸਤ ਫੁਰਮਾਇਆ ਨੇ, ਬਜਾ ਹੈ, ਪਰ ਮੈਂ ਤਾਂ ਡਿੱਠਾ ਹੈ ਕਿ ਆਮ ਲੋਕੀ ਨਹੀਂ, ਖਾਸ-ਖਾਸ ਸਿਆਣੇ ਉੱਥੇ ਜਾਂਦੇ ਹਨ।

ਮਿੱਠਾ - ਜਿਨ੍ਹਾਂ ਵਿਚੋਂ ਇਕ ਤੂੰ ਸਿਆਣਾ ਹੈਂ?

ਸਲੀਮ - ਮੈਂ ਤਾਂ ਹਜ਼ੂਰ ਦੀਆਂ ਜੁੱਤੀਆਂ ਜਿਹਾ ਬੀ ਨਹੀਂ, ਪਰ ਸੱਚ ਅਰਜ਼ ਕੀਤੀ ਹੈ ਕਿ ਕਈ ਉੱਘੇ ਮੁਤਲਾਸ਼ੀ ਰੱਬ ਦੇ ਰਾਹ ਦੇ ਉਥੇ ਗਏ ਜੇ - ਕਾਜ਼ੀ ਸਾਹਿਬ ਮੈਂ ਬੈਠੇ ਵੇਖੇ ਜੇ, ਹੋਰ ਬੀ ਦਾਨੇ ਹਿੰਦੂ ਮੁਸਲਮਾਨ ਗਏ ਜੇ।

ਮਿੱਠਾ (ਸੋਚੀਂ ਪੈ ਕੇ) - ਕੁਛ ਨਾਮ ਦਾ ਵੀ ਪਤਾ ਹੈ ਕੌਣ ਹੈ? ਕਿਸ ਟਿਕਾਣੇ ਦਾ ਹੈ? ਕਿਸ ਘਰਾਣੇ ਦਾ ਫਕੀਰ ਹੈ?

ਸਲੀਮ - ਘਰਾਣਾ ਪੁੱਛੋ ਤਾਂ ਸਿੱਧਾ ਰੱਬ ਦਾ, ਅੱਲਾ ਵਾਹਿਦ ਹੂ ਲਾ ਸ਼ਰੀਕ ਦਾ ਦਸਦਾ ਜੇ ਤੇ ਜਾਤ ਪੁੱਛੋ ਤਾਂ ਨਿਰੰਕਾਰੀ ਪਤਾ ਮਿਲਦਾ ਹੈ, ਤੇ ਨਾਮ-ਮੁਰੀਦ ਤੋਂ ਮੈਂ ਪਤਾ ਕੀਤਾ ਸੀ - ਨਾਨਕ

ਦੱਸਿਆ ਸੂ। ਗਾਲਬਨ ਉਹੋ ਨਾਨਕ ਹੈ ਜਿਸ ਦੀ ਧੁੰਮ ਦੇਸ਼ ਵਿਚ ਪੈ ਰਹੀ ਹੈ, ਜੋ ਲਾ-ਧੜਕ ਸੱਚ ਆਖਦਾ ਹੈ, ਨਾ ਤਲਵਾਰ ਤੋਂ ਡਰਦਾ ਹੈ ਨਾ ਸ਼ਰਹਬ ਤੋਂ, ਪਤਾ ਨਹੀਂ ਉਹੋ ਹੋਵੇ ਜਾਂ ਕੋਈ ਹੋਰ ਹੋਵੇ?

ਮਿੱਠਾ ਸੁਣ ਕੇ ਘਬਰਾਇਆ। ਘਬਰਾਇਆ ਕਿ ਦੂਰ ਸੁਣੀਂਦੇ ਨੇੜੇ ਆਏ। ਕਿਥੇ ਪੂਰਬ ਲਾਹੌਰ ਤਲਵੰਡੀ, ਸਿਆਲਕੋਟ ਗਏ ਆਏ ਸੁਣੀਂਦੇ ਸਨ, ਕਿਥੇ ਅੱਜ ਆਪਣੇ ਕੋਟਲੇ ਹੀ ਆ ਨਿਕਲੇ। ਹੁਣ ਤਾਂ ਸਾਹਮਣਾ ਹੋ ਪੈਣਾ ਹੈ, ਕੀਕੂੰ ਹੋਸੀ?

ਪੀਰ ਅੱਗੇ ਤਾਂ ਜਸ ਸੁਣ ਕੇ ਬਕਾਰੇ ਮਾਰਦਾ ਹੁੰਦਾ ਸੀ ਪਰ ਅੱਜ ਜਦ ਬੂਹੇ ਆਏ ਸੁਣੇ ਤਾਂ ਬਕਾਰੇ ਵਿਚ ਸੁਰਤ ਨਾ ਰਹੀ, ਸੁਰਤ ਸਗੋਂ ਘਬਰਾ ਦੇ ਘਰ ਚਲੀ ਗਈ। ਕਿਉਂ? ਘਬਰਾਵਾਂ ਵਿਚ ਕਸਰ ਲਿਜਾਂਦੀ ਹੈ। ਕੋਈ ਕਸਰ ਹੋਵੇ ਅੰਦਰ ਤਾਂ ਘਬਰਾ! ਨਹੀਂ ਤਾਂ ਬੇਕਸਰੇ ਨੂੰ ਤੇ ਸੱਚੇ ਨੂੰ ਕੀ ਘਬਰਾ ਹੈ? ਸੱਚ ਨੰਗਾ ਨਿਧੜਕ, ਸੱਚ ਨੂੰ ਨਾ ਅੱਗ ਦਾ ਡਰ, ਨਾ ਪਾਣੀ ਦਾ ਭੈ, ਪਰ ਦੇਖੋ ਬੰਦੇ ਦਾ ਖਮੀਰ ਕੱਚਾ ਹੈ, ਬੜੇ-ਬੜੇ ਹਠ, ਤਪ ਕਰਕੇ ਬੀ ਕੱਚ ਨਹੀਂ ਨਿਕਲਦਾ। ਮਿੱਟੀ ਦਾ ਕੀਹ ਧੋਪੇ?

ਪੀਰ ਜੀ ਅੱਗੇ ਘਬਰਾ ਵਿਚ ਹੀ ਸਨ ਕਿ ਸਲੀਮ ਨੇ ਕਿਹਾ, ਪੀਰ ਜੀ! ਕੀਹ ਜਾਣੀਏ ਕੱਲ੍ਹ ਆਪ ਦੇ ਦਰਬਾਰ ਹੀ ਆ ਜਾਵੇ। ਸੁਣਿਆ ਹੈ ਕਿ ਨਿਧੜਕ ਹੈ,ਕਿਸੇ ਤੋਂ ਭੈ ਕਾਂਪ ਨਹੀਂ ਖਾਂਦਾ।

ਪੀਰ - ਆਉਣ ਦਿਓ ਸੂ, (ਤਕੜਾਈ ਦਾ ਖੰਘੂਰਾ ਭਰ ਕੇ) ਐਉਂ ਨਿਤਾਰ ਲਵਾਂਗੇ ਜਿਵੇਂ ਮਲਾਈ ਦੁੱਧ ਉਪਰੋਂ ਉਤਾਰ ਲਈਦੀ ਹੈ।

ਸਾਰੇ ਮੁਰੀਦ - ਅਲਹਮਦੁਲਿੱਲਾ, ਆਮੀਨ, ਰੱਬ ਐਸਾ ਕਰੇ।

ਮਿੱਠਾ - ਉਹ ਬੀ ਦੱਸ ਲੈ ਬਈ?

ਸਲੀਮ - ਜੁਨਾਬ ਦੇ ਮੁਰਸ਼ਿਦ ਸਾਹਿਬ ਹਜ਼ਰਤ ਅਬਦੁੱਲ ਰਹਿਮਾਨ ਸਾਹਿਬ ਬੀ ਉਹਨਾਂ ਦੀ ਦਰਗਾਹ ਵਿਚ ਅੱਪੜੇ ਹਨ ਅਤੇ ਬਹੁਤ ਗੁਫਤਗੂ ਕਰਕੇ ਖੁਸ਼ ਹੋਏ ਹਨ ਤੇ ਤਸੱਲੀ ਪਾਈ ਨੇ ਕਿ ਇਹ ਸੱਚੇ ਰੱਬ ਦੇ ਸੱਚੀ-ਮੁੱਚੀ ਦੇ ਸੱਚ ਲੋਕ ਹਨ।

ਮਿੱਠਾ - ਸੱਚ?

ਸਲੀਮ - ਜੀ ਮੈਂ ਅੱਖੀਂ ਡਿੱਠੀ ਗੱਲ ਆਖਦਾ ਹਾਂ।

ਮਿੱਠਾ (ਅੱਖਾਂ ਝੇਪ ਕੇ) - ਫਿਰ ਤਾਂ ਕੁਛ ਹੋਊ ਜ਼ਰੂਰ। ਇਹ ਕਹਿੰਦਿਆਂ ਅੱਖਾਂ ਮੀਟ ਗਿਆ ਤੇ ਬਹੁਤ ਚਿਰ ਗੁੰਮ ਰਿਹਾ, ਮਾਨੋਂ ਕਿਸੇ ਸਮਾਧੀ ਵਿਚ ਗਿਆ ਹੈ ਜਾਂ ਨੈਣ ਖੋਹਿਲਓਸੁ ਤਾਂ ਮੁਰੀਦਾਂ ਨੂੰ ਕਹਿਣ ਲੱਗਾ, ਚਲੋ ਯਾਰੋ! ਨਾਨਕ ਦਾ ਦੀਦਾਰ ਕਰੇਹਾਂ। ਤਾਂ ਮੁਰੀਦਾਂ ਆਖਿਆ, ਤੁਸਾਂ ਅੱਗੇ ਅਵਾਜ਼ਾ ਕੀਤਾ ਆਹਾ ਜੋ ਨਾਨਕ ਅਸਾਨੂੰ ਮਿਲੇਗਾ, ਤਾਂ ਐਉਂ ਤਾਰ ਲੈਹਿੰਗੇ ਜਿਉਂ ਦੁੱਧ ਉਪਰੋਂ ਮਲਾਈ ਤਾਰ ਲਈਦੀ ਹੈ।

ਤਾਂ ਮੀਆਂ ਮਿੱਠਾ ਬੋਲਿਆ, ਜੇ ਓਧਹੁ ਅਵਾਜ਼ਾ ਆਇਆ ਹੈ ਜਿਉਂ ਨਿੰਬੂ ਵਿਚੋਂ ਰਸ ਨਿਚੋੜ ਲਈਦਾ ਹੈ ਜਾਂ ਮਿੱਠਾ ਮਿਲੇਗਾ ਤਾਂ ਇਉਂ ਨਿਚੋੜ ਲੈਹਿੰਗੇ। ਤਾਂ ਦੁੱਧ ਦਾ ਕੁਛ ਨਾ ਜਾਵੇਗਾ ਮਲਾਈ ਉਤਾਰੀ ਅਤੇ ਨਿੰਬੂ ਨਿਚੋੜਿਆ ਫੋਗੁ ਹੋਵੇਗਾ।

ਇਹ ਗੱਲਾਂ ਬਾਤਾਂ ਹੋ ਰਹੀਆਂ ਸਨ ਕਿ ਮਿੱਠੇ ਦਾ ਮੁਰਸ਼ਿਦ ਆ ਨਿਕਲਿਆ ਤੇ ਆਖਣ ਲੱਗਾ, ਹੇ ਮੀਆਂ ਮਿੱਠਾ! ਤੇਰੇ ਬਾਗ ਵਿਚ ਇਕ ਕਰਤਾਰ ਦਾ ਪਿਆਰਾ ਆਇਆ ਹੈ ਤੂੰ ਜਾ ਕੇ ਉਸ ਦਾ ਦਰਸ਼ਨ ਕਰ, ਤਦ ਮੀਆਂ ਮਿੱਠਾ ਸਤਿਗੁਰੂ ਜੀ ਦਾ ਦੀਦਾਰ ਦੇਖਣ ਆਇਆ।

ਸੂਰਜ ਨੇ ਧਰਤੀ ਦੇ ਓਹਲੇ ਦਾ ਘੁੰਡ ਹੁਣੇ ਹੀ ਚਾਇਆ ਹੈ। ਹਾਂ, ਸੂਰਜ ਹੁਣੇ ਹੀ ਆਪਣੇ ਸਹਿੰਦੇ-ਸਹਿੰਦੇ ਜਲਾਲ ਦੀ ਆਭਾ ਨਾਲ ਝਲਕਦਾ-ਝਲਕਦਾ ਪੁਰੇ ਦੀਆਂ ਧੁੰਦਾਂ ਵਿਚੋਂ ਸਿਰ ਚਾ ਰਿਹਾ ਹੈ। ਤੱਕੋ ਤਾਂ ਅੱਖੀਂ ਸਮਾਉਂਦਾ ਹੈ ਤੇ ਮੋਂਹਦਾ ਹੈ। ਤੱਕੋ ਨੈਣ ਮੀਟੋ, ਤੱਕੋ ਨੈਣ ਮੀਟੋ, ਐਉਂ ਕਰਦੇ ਜੇ ਰਤਾ ਕੁ ਟਿਕ ਜਾਓ ਤਾਂ ਸੂਰਜ ਦੀ ਸਾਰੀ ਟਿੱਕੀ ਬਾਹਰ ਆ ਜਾਂਦਿਆਂ ਤਾਂਈ ਸਰੀਰ ਹਲਕਾ ਫੁੱਲ, ਮਾਨੋਂ ਚਾਨਣੇ ਵਿਚ ਨ੍ਹਾਤਾ ਗਿਆ ਹੈ, ਐਉਂ ਹੋ ਜਾਂਦਾ ਹੈ।

ਇਧਰ ਸੂਰਜ ਨੇ ਲਾਸਾਂ ਛੱਡੀਆਂ, ਉਧਰ ਮਰਦਾਨੇ ਨੇ ਕੀਰਤਨ ਦਾ ਭੋਗ ਪਾਇਆ। ਗੁਰ ਨਾਨਕ ਦਾ ਪਿਆਰਾ, ਜਿਸ ਗੁਰ ਨਾਨਕ ਦੀ ਅੰਦਰਲੀ ਤਾਰ ਸਾਈਂ ਸੁਰ ਨਾਲ ਇਕ ਸੁਰ ਵੱਜਦੀ ਹੈ, ਹਾਂ ਦੂਏ ਪਾਸੇ ਜਿਸ ਗੁਰ ਨਾਨਕ ਦੀ ਤਾਰ ਨਾਲ ਕੁਦਰਤ ਇਕ-ਸੁਰ ਹੋਈ ਰਹਿੰਦੀ ਹੈ, ਉਸ ਸਦਾ ਸੁਰ ਹੋਏ ਗੁਰ ਨਾਨਕ ਦਾ ਪਿਆਰਾ ਮਰਦਾਨਾ ਕਾਦਰ ਤੇ ਕੁਦਰਤ ਦੇ ਰੰਗ ਦਾ ਜਾਣੂ ਹੋ ਕੇ ਇਕ-ਸੁਰਤਾ ਦਾ ਸਿਆਣੂ ਹੋ ਗਿਆ ਹੈ। ਜਿਵੇਂ ਆਪਣੇ ਰਬਾਬ ਦੀਆਂ ਤਾਰਾਂ ਤਰਬਾਂ ਦੀਆਂ ਸੁਰਾਂ ਸਿਆਣਦਾ ਹੈ। ਤਿਵੇਂ ਕੁਦਰਤ ਦੀਆਂ ਤਾਰਾਂ ਨੂੰ ਸਿਆਣਦਾ ਹੈ। ਮਰਦਾਨਾ ਸਾਂਈ ਦੇ ਰੰਗ ਰੱਤਾ ਕੀਰਤਨ ਕਰਦਾ

ਪਿਆ ਸੀ, ਉਂਗਲੀਆਂ ਮਾਨੋਂ ਸਾਜ਼ ਨਾਲ ਸਾਜ਼ ਦਾ ਹਿੱਸਾ ਹੋਈਆਂ ਆਪਣਾ ਰੰਗੀਲਾ ਤੇ ਮਿੱਠਾ ਨਾਚ ਪਾ ਰਹੀਆਂ ਸਨ, ਗਲਾ ਰਬਾਬ ਵਿਚੋਂ ਨਿਕਲ ਰਹੀਆਂ ਰਸ ਭਰੀਆਂ ਸੁਰਾਂ ਨਾਲ ਇਕਮਿਕ, ਇਕ ਜਾਨ, ਇਕ ਸੁਰ ਹੋ ਰਿਹਾ ਸੀ, ਨੈਣ ਮੁੰਦੇ ਹੋਏ ਸਨ, ਦੇਹ ਗੁਰ ਨਾਨਕ ਦੀ ਹਜ਼ੂਰੀ ਵਿਚ ਹਾਜ਼ਰ ਬੈਠੀ ਸੀ, ਅੰਦਰਲਾ ਨਾ ਦਿੱਸਣ ਵਾਲੀ ਹਜ਼ੂਰੀ ਦੇ ਸਨਮੁਖ ਕੀਰਤਨ ਦੇ ਭਾਵ ਲੈ ਕੇ ਹਾਜ਼ਰੀ ਭਰ ਰਿਹਾ ਤੇ ਹਜ਼ੂਰੀ ਦਾ ਰਸ ਮਾਣ ਰਿਹਾ ਸੀ ਕਿ ਉਸ ਦੇ ਆਪੇ ਨੇ ਬਿਨਾਂ ਰਾਤ ਬੀਤੀ ਤੱਕੇ ਦੇ, ਬਿਨਾ ਪਹੁ ਫੁਟਾਲਾ ਵੇਖੇਦੇ ਤੇ ਬਿਨਾਂ ਬਾਲ ਸੂਰਜ ਦੀ ਠੁਮਕਦੀ ਆ ਰਹੀ ਕਿਰਨ ਫੁਹਾਰ ਪਾ ਰਹੀ ਅਗਵਾਨੀ ਦੇ ਦਰਸ਼ਨ ਕੀਤੇ ਦੇ ਸਿਆਣ ਲਿਆ ਕਿ ਕੁਦਰਤ ਨੇ ਰਾਤ ਦਾ ਟਿਕਾਉ ਤੇ ਅੰਮ੍ਰਿਤ ਵੇਲੇ ਦੀ ਇਕਾਗਰਤਾ ਦੀ ਥਾਵੇਂ ਹੁਣ ਖਿੰਡਾਉ, ਪ੍ਰਵਿਰਤੀ ਤੇ ਕੰਮ ਕਰਨ ਵਲ ਰੁਖ ਫੇਰਨ ਦਾ ਪ੍ਰਭਾਵ ਪਾਇਆ ਹੈ। ਉਧਰ ਸੂਰਜ ਲਾਸਾਂ ਛੋੜਦਾ ਹੈ, ਇਧਰ ਜੀਵ ਬਿਰਤੀਆਂ ਖਿੰਡਾਉ ਵਾਲੇ ਕੰਮਾਂ ਵਿਚ ਉੱਠ ਲਗਦੀਆਂ ਹਨ। ਹਾਂ, ਇਹ ਬੇਮਲੂਮ ਅਸਰ ਕੁਦਰਤ ਦੀ ਸੁਰ ਦਾ ਸਿਆਣਕੇ ਮਰਦਾਨੇ ਬੀ ਪਉੜੀ ਲਾਈ ਤੇ ਕੀਰਤਨ ਦਾ ਭੋਗ ਪਾ ਕੇ ਰੰਗ ਰੱਤੜੇ ਨੈਣ ਖੋਹਲੇ ਤੇ ਕੁਦਰਤ ਵਿਚ ਆਪਣੇ ਕਾਦਿਰ ਦੇ ਪ੍ਰੀਤਮ-ਗੁਰ ਨਾਨਕ ਦੇ ਸੁਹਣੇ-ਸੁਹਣੇ ਦਰਸ਼ਨ ਪਾਏ, ਸੀਸ ਝੁਕਾਇਆ ਤੇ ਅੰਮ੍ਰਿਤ ਵੇਲੇ ਦੀ ਤ੍ਰੇਲ ਨਾਲ ਭਿੱਜੇ ਗੁਲਾਬ ਵਾਂਗੂੰ ਡਲ੍ਹ-ਡਲ੍ਹ ਕਰ ਰਹੇ ਨੈਣਾਂ ਨਾਲ ਆਪਣੇ ਸਦਾ ਚੜ੍ਹੇ ਸੂਰਜ - ਗੁਰ ਨਾਨਕ ਦਾ ਦਰਸ਼ਨ ਪਾਇਆ। ਫੇਰ ਉਹ ਨੈਣਾਂ ਵਿਚ ਭਰ ਰਹੇ ਤ੍ਰੇਲ ਮੋਤੀ ਉਸ ਆਪਣੇ ਸਦਾ ਸੁਹਾਵੇ ਸੂਰਜ ਦੀ ਭੇਟਾ ਕੀਤੇ ਤੇ ਆਖਿਆ-

'ਸੁਹਾਣ ਤੇਰੀ ਕੁਦਰਤ।'

ਦਸ ਵੀਹ ਸੱਜਣ ਅੰਮ੍ਰਿਤ ਵੇਲੇ ਦੇ ਕੀਰਤਨ ਦਾ ਰਸ ਲੈਣ ਆਏ ਬੈਠੇ ਸਨ, ਮਰਦਾਨੇ ਦਾ ਇਹ ਆਵਾਜ਼ਾ ਸੁਣ ਕੇ ਸਭ ਦੇ ਨੈਣ-ਕਟੋਰੇ ਖੁਲ੍ਹੇ। ਹਾਂ ਦਰਸ਼ਨ-ਪਿਆਸਿਆਂ ਨੈਣਾਂ ਵਿਚ ਦੀਦਾਰਿਆਂ ਦੇ ਨੂਰ-ਜਲ ਨੇ ਵਾਸਾ ਪਾਇਆ, ਸਾਰੇ ਸੀਸ ਝੁਕ ਗਏ ਤੇ ਆਵਾਜ਼ ਆਈ -


ਧੰਨ ਨਿਰੰਕਾਰ! ਧੰਨ ਨਿਰੰਕਾਰ!!

ਕੁਛ ਚਿਰ ਚੁਪ ਵਰਤੀ ਰਹੀ। ਫੇਰ ਸੁਹਣੇ ਲਬ ਖੁੱਲ੍ਹੇ, ਇਕ ਸ਼ਬਦ ਦਾ ਉਚਾਰ ਹੋਇਆ ਤੇ ਕੁਛ ਸੁਹਣੇ ਵਾਕ ਦਾਤਾ ਜੀ ਦੇ ਮੂੰਹੋਂ ਨਿਕਲੇ ਤੇ ਸੁਣਨ ਵਾਲਿਆਂ ਦੇ ਕੰਨਾਂ ਥਾਣੀਂ ਲੰਘ ਕੇ ਦਿਲਾਂ ਵਿਚ ਜਾ ਸਮਾਏ। ਇਸ ਵੇਲੇ ਸੇਖ ਮਿੱਠਾ ਬਾਗ ਵਿਚ ਆ ਪਹੁੰਚਾ ਸੀ। ਹੁਣ ਸੇਧ ਕਰਕੇ ਸੱਚੇ ਦਰਬਾਰ ਵਿਚ ਆ ਖੜੋਤਾ, ਤੱਕਿਓ ਸੁ ਕਿਹੜਾ ਹੈ ਨਾਨਕ ਹਿੰਦੂ, ਜਿਸ ਮੇਰੇ ਮੁਰਸ਼ਿਦ ਦੇ ਮਨ ਮੰਦਰ ਵਿਚ ਬੀ ਆਪਣੀ ਪਿਆਰ ਦੀ ਸ਼ਮਾਅ ਦੀਆਂ ਨੂਰ ਕਿਰਨਾਂ ਪਾਈਆਂ ਹਨ। ਦੇਖੇ ਤਾਂ ਕੀ ਦੇਖੇ ਕਿ ਸੱਚ ਮੁੱਚ ਇਸ ਸੂਰਜ ਦੇ ਉਦੈ ਹੋ ਰਹੇ ਚਾਨਣੇ ਵਿਚ ਇਕ ਮਿੱਠ ਪਿਆਰੇ, ਉਸ ਤੋਂ ਬੀ ਵਧੇਰੇ ਜਲਾਲ ਵਾਲੇ ਸੂਰਜ ਜੀ ਡਲ੍ਹ-ਡਲ੍ਹ ਕਰ ਰਹੇ ਹਨ। ਤੱਕਿਓ ਸੁ, ਨੈਣਾਂ ਦੇ ਪਿੱਛੇ ਜੋ ਸ਼ੱਕ, ਸੂਬੇ ਅਜੋੜਪਣੇ, ਕੁਛ-ਕੁਛ ਰੁਸੇਵੇਂ ਦੇ ਭਾਵ ਭਰੇ ਪਏ ਸਨ ਓਹ ਘਬਰਾਏ, ਜਿਵੇਂ ਸੂਰਜ ਚੜ੍ਹਦੇ ਧੁੰਦਾਂ ਤੇ ਕਹੀੜਾਂ ਨੂੰ ਘਬਰਾ ਪੈਂਦੇ ਹਨ। ਮੀਆਂ ਮਿੱਠਾ ਜ਼ੁਹਦੀ ਸੀ ਪਰ ਉਸੇ ਤੁਅੱਸਬ ਦੀ ਕਸਰ ਉਸ ਦੇ ਬੀ ਅੰਦਰ ਵਸਦੀ ਸੀ, ਜੋ ਸਾਰੇ ਦੀਨ ਭਾਈਆਂ ਵਿਚ ਦੀਨ ਦੇ ਬੁਰਕੇ ਵਿਚ ਵਸਦੀ ਰਹਿੰਦੀ ਸੀ - ਹਿੰਦ ਵਿਚ ਜੰਮਣਾ ਪਲਣਾ, ਹਿੰਦੀ ਹੋਣਾ, ਹਿੰਦੂਓਂ ਮੁਸਲਮਾਨ ਬਣਨਾ, ਫੇਰ ਹਿੰਦੀ ਤੇ ਹਿੰਦੂ ਨਾਲ ਸੂ। ਹਾਂ, ਮਿੱਠੇ ਨੇ ਤੱਕਿਆ, ਨੈਣਾ ਨੇ ਉਹਨਾਂ ਰੱਬੀ ਨੈਣਾਂ ਤੋਂ ਰੰਗ ਦੀ ਕੁਛ ਛੁਹ ਲੈ ਲਈ, ਸਲਾਮ ਦੁਆ ਕੀਤੀਓਸੁ। ਪ੍ਰੇਮ ਦੇ ਅਵਤਾਰ ਤੇ ਸੁਲਹ ਦੇ ਸੁਲਤਾਨ ਨੇ ਆਦਰ ਨਾਲ ਬਿਠਾਇਆ, ਸੁਖ-ਸਾਂਦ ਪੁੱਛੀ। ਮਿੱਠੇ ਨੇ ਅਦਬ ਨਾਲ ਜਵਾਬ ਦਿਤੇ। ਫੇਰ ਚੁਫੇਰੇ ਤੱਕਿਆ, ਸੱਚ-ਮੁੱਚ ਸਿਆਣੇ-ਸਿਆਣੇ ਜੁੜੇ ਬੈਠੇ ਹਨ, ਆਪਣੇ ਮੁਰਸ਼ਿਦ ਸਾਹਿਬ ਬੀ ਹਨ, ਉਹਨਾਂ ਵੱਲ ਸਿਰ ਝੁਕਾਇਆ। ਫੇਰ ਮਿੱਠੇ ਦੇ ਅੰਦਰ ਕੁਛ ਚੁੱਪ ਛਾ ਗਈ, ਪਰ ਇਹ ਗੱਲ ਫਿਰ ਬੀ ਰੜਕ ਮਾਰ ਰਹੀ ਸੀ ਕਿ ਐਸਾ ਸੁਹਣਾ ਤਾਸੀਰ ਵਾਲਾ ਵਜੂਦ ਹਿੰਦੂ ਕਿਉਂ ਹੈ? ਇਹ ਕਿਉਂ ਮੁਸਲਮਾਨ ਨਹੀਂ? ਸਿੱਧ ਬੀ ਗੁਰੂ ਜੀ ਨੂੰ ਜਦ ਮਿਲਦੇ ਸੀ ਤਾਂ ਲੋਚਦੇ ਸੀ ਕਿ ਕਿਵੇਂ ਇਹ ਨਾਨਕ ਬਾਲਕਾ ਸਾਡਾ ਦਰਸ਼ਨ ਲੈ ਲਵੇ ਤਾਂ ਸਾਡੇ ਪੰਥ ਦਾ ਉਜਾਲਾ ਕਰੇ, ਤਿਵੇਂ ਇਸਲਾਮੀ ਫਕੀਰ ਦੇਖ ਕੇ, ਵਰਤ ਕੇ, ਪਰਖ ਕੇ ਇਹੋ ਲੋਚਦੇ ਸੇ ਕਿ ਕਾਸ਼! ਇਹ ਦੀਨ ਕਬੂਲੇ ਤਾਂ ਸਾਡਾ ਦੀਨ ਰੋਸ਼ਨ ਕਰੇ। ਹਾਂ, ਸੁਹਣੀਆਂ ਸ਼ੈਆਂ ਨੂੰ ਸਭ ਕੋਈ ਅਪਨਾਉਣਾ ਚਾਹੁੰਦਾ ਹੈ। ਮਿੱਠੇ ਦੇ ਇਸਲਾਮੀ ਭਾਵਾਂ ਨੇ ਉਸ ਦੇ ਬੁੱਲ੍ਹ ਖੁਲ੍ਹਾਏ, ਸੁਆਦ ਦਾ ਪ੍ਰਭਾਉ, ਜੋ ਛਾ ਰਿਹਾ ਸੀ, ਚੁੱਪ ਵਲ ਲੈ ਜਾ ਰਿਹਾ ਸੀ ਪਰ ਅੰਦਰ ਫੁਰੇ ਭਾਵਾਂ ਨੇ ਰੁਖ ਬੋਲਣ ਵੱਲ ਹੀ ਪਾਇਆ।

*'ਚਲਦਾ.............।"*

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੌਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਵਿਚੋਂ ਕੋਈ ਪ੍ਰੇਮੀ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੌਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ **Whatsapp** ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**



## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਆਸਾੜ੍ਹ ਸੰਗਰਾਂਦ - 15 ਜੂਨ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਦੋ ਰੋਜ਼ਾ ਵਿਸ਼ੇਸ਼ ਗੁਰਮਤਿ ਸਮਾਗਮ:-17 ਜੂਨ ਮਹਾਂਪੁਰਸ਼ਾਂ ਦੇ ਜਨਮ ਦਿਵਸ ਸਬੰਧੀ ਅਤੇ ਅੰਮ੍ਰਿਤ ਸੰਚਾਰ - 17 ਜੂਨ - ਸਮਾਂ 11.00 ਵਜੇ ਹੋਵੇਗਾ।**

**18 ਜੂਨ - ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਵਸ।**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: **+91 98889 10777** 'ਤੇ **SMS** ਕੀਤਾ ਜਾਵੇ।

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

#### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

#### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

#### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

#### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

#### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

#### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ, ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/- | 500/- |
| 2. | ਕਿਵ ਕੂੜੈ ਤੁਟੈ ਪਾਲਿ | 200/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ | 400/- | |
| 5. | ਹੋਵੈ ਅਨੰਦੁ ਘਣਾ | 150/- | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | | 10/- |
| 10. | ਅੰਮ੍ਰਿਤ ਫੁਹਾਰ | | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਅਮਰ ਗਾਥਾ | 200/- | 100/- |
| 15. | ਭਗਤ ਪ੍ਰਹਿਲਾਦ | | 10/- |
| 16. | ਵੈਸਾਖੀ | 40/- | 10/- |
| 17. | ਸਾਜਨ ਚਲੇ ਪਿਆਰਿਆ | | 10/- |
| 18. | ਅਬਿਨਾਸੀ ਜੋਤ ਭਾਗ - 1 | | 90/- |
| 19. | ਅਬਿਨਾਸੀ ਜੋਤ ਭਾਗ - 2 | 90/- | |
| 20. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 21. | ਗੁਰੂ ਅਮਰਦਾਸ ਪਰਸੀਐ | 100/- | |
| 22. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 23. | ਅਨੁਭਵੀ ਪ੍ਰਵਚਨ | 300/- | |
| 24. | ਅੰਦਰਲੀ ਖੋਜ | 300/- | |
| 25. | ਸਿਮਰਤ ਕਹਾਂ ਨਹੀਂ | 300/- | |
| 26. | ਰੂਹਾਨੀ ਪ੍ਰਵਚਨ | 35/- | |
| 27. | 'ਸੇਵਾ ਸਿਮਰਨ ਜੁਗਤੀਆਂ | 250/- | |
| 28. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 29. | ਜੀਵਨ ਜੁਗਤਿ | 600/- | |
| 30. | ਜੀਵਨ ਮੁਕਤਿ | 500/- | |
| 31. | ਜੀਵਨ ਲਕਸ਼ | 500/- | |
| 32. | ਪਵਿੱਤਰ ਪੈਂਡਾ | 30/- | |
| 33. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 34. | ਭਗਵਤ ਗੀਤਾ ਦੀ ਚਿਰ ਸਥਾਈ... | | |
| 35. | ਰਾਜ ਜੋਗ | | |
| 36. | ਅਨੰਦਮਈ ਜੀਵਨ ਜਾਚ | | |
| 37. | ਮਾਰਗ ਚੋਣ | 60/- | |
| 38. | ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ | | |
| 39. | ਯੋਗਾ ਉਪਰ ਲੈਕਚਰ | | |
| 40. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 41. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 42. | ਆਤਮ ਗਿਆਨ ਭਾਗ - 1,2,3,4 | 480/- | |
| 43. | ਅਨਮੋਲ ਰਤਨ (ਆਤਮ ਗਿਆਨ ਭਾਗ - 5) | 150/- | |
| 44. | ਜਨਮ ਪਦਾਰਥੁ ਸਫਲੁ ਹੋਇ | 120/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 45. | ਜਨ ਪਰਉਪਕਾਰੀ ਆਏ (ਭਾਗ -1) | 65/- |
| 46. | ਜਨ ਪਰਉਪਕਾਰੀ ਆਏ (ਭਾਗ -2) | 65/- |
| 47. | ਗੁਰ ਅੰਗਦ ਅਮਰ ਨਿਧਾਨ | 10/- |
| 48. | ਕਲਜੁਗਿ ਜਹਾਜ ਅਰਜੁਨ ਗੁਰ | 100/- |
| 49. | ਧਰਮ ਹੇਤਿ ਸਾਕਾ | 20/- |
| 50. | ਮੰਝ ਗੁਰੂ ਕਾ ਬੋਹਿਥਾ | 30/- |
| 51. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 52. | ਗੁਰੂ ਗ੍ਰੰਥ ਜੀ ਮਾਨਿਓ | 10/- |
| 53. | ਬਾਬਾ ਬੰਦਾ ਸਿੰਘ ਬਹਾਦਰ | 10/- |
| 54. | ਤ੍ਰੈ ਸ਼ਤਾਬਦੀ | 20/- |
| 55. | ਧਰਮ ਯੁਧ ਕੇ ਚਾਇ | 50/- |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ - 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ - 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ - 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ - 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ - 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/- |
| 17. | The Story of Immortality (ਅਮਰ ਗਾਥਾ) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,**
**Ratwara Sahib,**
**( New Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

ਸੰਤ ਬਾਬਾ ਹਰਪਾਲ ਸਿੰਘ ਜੀ,
ਅਮਰੀਕਾ ਰੂਹਾਨੀ ਪ੍ਰਚਾਰ ਫੇਰੀ 2026 ਸਮੇਂ
ਸੰਗਤਾਂ ਦੇ ਘਰ ਗ੍ਰਹਿ ਵਿਖੇ, ਗੁਰਦੁਆਰਾ
ਸਾਹਿਬ ਵਿਖੇ ਗੁਰਬਾਣੀ ਕੀਰਤਨ
ਦੁਆਰਾ ਸੰਗਤ ਨੂੰ ਨਿਹਾਲ ਕਰਦੇ ਹੋਏ।





ਭਾਈ ਹਰਪਿੰਦਰ ਸਿੰਘ ਜੀ ਦੇ ਘਰ ਗ੍ਰਹਿ ਨਿਊ ਜਰਸੀ ਵਿਖੇ ਸ਼ਬਦ ਕੀਰਤਨ ਵਿੱਚ ਜੁੜੀਆਂ ਸੰਗਤਾਂ



ਗੁਰਦੁਆਰਾ ਮਾਤਾ ਗੁਜਰੀ ਸਿੱਖ ਸੋਸਾਇਟੀ ਆਫ ਚੇਰੀ ਹਿੱਲ ਨਿਊਜਰਸੀ



ਗੁਰਦੁਆਰਾ ਸਿੰਘ ਸਭਾ ਕੈਟਰੀਟ ਨਿਊਜਰਸੀ ਵਿਖੇ ਸੰਗਤਾਂ ਸ਼ਬਦ ਕੀਰਤਨ ਦੇ ਅਨੰਦ ਵਿੱਚ।



ਭਾਈ ਰਵੀਨ ਸਿੰਘ ਜੀ ਦੇ ਘਰ ਨਿਊ ਜਰਸੀ ਵਿਖੇ ਸੰਗਤਾਂ ਦਾ ਦ੍ਰਿਸ਼।



ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੋਸਾਇਟੀ ਆਫ ਅਟਲਾਂਟਾ ਵਿਖੇ ਦੀਵਾਨ ਵਿੱਚ ਜੁੜੀਆਂ ਸੰਗਤਾਂ ਅਤੇ ਆਤਮ ਮਾਰਗ ਸਟਾਲ ਦ੍ਰਿਸ਼।



ਬੀਬੀ ਨਵਜੀਤ ਕੌਰ ਜੀ ਦੇ ਘਰ ਗ੍ਰਹਿ ਜਿਓਰਜੀਆ ਵਿਖੇ ਸੰਗਤ।



ਭਾਈ ਅਮਨਦੀਪ ਸਿੰਘ ਜੀ ਦੇ ਘਰ ਗ੍ਰਹਿ ਮੇਰੀਲੈਂਡ ਵਿਖੇ ਕੀਰਤਨ ਵਿੱਚ ਜੁੜੀਆਂ ਸੰਗਤਾਂ।



ਭਾਈ ਬਲਬੀਰ ਸਿੰਘ ਜੀ ਦੇ ਘਰ ਗ੍ਰਹਿ ਵਿਖੇ ਸੰਗਤਾਂ।



ਭਾਈ ਜਤਿੰਦਰ ਸਿੰਘ ਜੀ ਦੇ ਘਰ ਗ੍ਰਹਿ ਲਿਬਰਨ (ਜਿਓਰਜ਼ੀਆ) ਵਿਖੇ ਜੁੜੀਆਂ ਸੰਗਤਾਂ।



ਗੁਰਦੁਆਰਾ ਸਿੱਖ ਸਤਿਸੰਗ ਆਫ ਇੰਡੀਅਨਐਪਲਸ ਵਿਖੇ ਸੰਗਤ ਦ੍ਰਿਸ਼।
ਅਤੇ ਆਤਮ ਮਾਰਗ ਗੁਰਸ਼ਬਦ ਲੰਗਰ ਸਟਾਲ ਤੇ ਪ੍ਰੇਮੀ ਸੇਵਾ ਨਿਭਾਉਂਦੇ ਹੋਏ।



ਭਾਈ ਕੁਲਦੀਪ ਸਿੰਘ ਜੀ ਦੇ ਘਰ ਗ੍ਰਹਿ ਨਿਊ ਜਰਸੀ ਵਿਖੇ ਸੰਗਤ ਦ੍ਰਿਸ਼।


ਜਰੂਰੀ ਬੇਨਤੀ
10+2, ਤੇ B.A. ਪਾਸ
ਬੱਚਿਆਂ ਲਈ ਹੇਠਾਂ ਲਿਖੇ ਕੋਰਸ
ਰਤਵਾੜਾ ਸਾਹਿਬ'ਚ
ਸ਼ੁਰੂ ਹੋ ਚੁੱਕੇ ਹਨ।
ਸਮੂਹ ਸੰਗਤ ਨੂੰ ਦੱਸਿਆ ਜਾਂਦਾ ਹੈ ਕਿ ਆਪਣੇ ਇਲਾਕੇ ਵਿੱਚ ਰਤਵਾੜਾ ਸਾਹਿਬ 'ਚ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਸਥਾਪਿਤ ਬੀਐਡ ਕਾਲਜ ਵਿੱਚ ਦਾਖਲੇ ਸ਼ੁਰੂ ਹੋ ਚੁੱਕੇ ਹਨ।
B.Ed.
M.A. Education
2 ਸਾਲ ਦਾ ਕੋਰਸ
ਬੀਐਡ (B.Ed.) ਕੋਰਸ ਦੋ ਸਾਲ ਦਾ ਹੈ, ਜਿਨਾਂ ਬੱਚਿਆਂ ਨੇ ਬੀ.ਏ. / ਬੀ.ਐਸ.ਸੀ./ ਬੀ.ਕਾਮ. (BA, B.Sc., B.Com.)
50% ਨੰਬਰਾਂ ਤੋਂ ਪਾਸ ਕੀਤੀ ਹੈ ਉਹ ਦਾਖਲਾ ਲੈ ਸਕਦੇ ਹਨ।
SC/BC ਸਟੂਡੈਂਟ ਲਈ 5% ਦੀ ਛੋਟ ਹੈ।
ਇਸ ਤੋਂ ਇਲਾਵਾ ਹੋਰ ਛੋਟੇ ਕੋਰਸ ਵੀ ਹਨ ਜਿਹੜੇ ਕਿ 10+2 ਪਾਸ ਬੱਚੇ ਵੀ ਕਰ ਸਕਦੇ ਹਨ
ਤੇ ਵਿਦੇਸ਼ਾਂ ਵਿੱਚ ਜਾ ਕੇ ਚੰਗੀ ਨੌਕਰੀ ਪ੍ਰਾਪਤ ਕਰ ਸਕਦੇ ਹਨ ਜਿਵੇਂ ਕਿ
ਐਨ.ਟੀ.ਟੀ.(NTT) (ਨਰਸਰੀ ਟੀਚਰ ਟ੍ਰੇਨਿੰਗ)
ਈ.ਸੀ.ਸੀ.ਈ (E.C.C.E.) (ਅਰਲੀ ਚਾਇਲਡ ਹੁੱਡ ਕੇਅਰ ਐਜੂਕੇਸ਼ਨ)
ਉਹ ਵਿਦਿਆਰਥੀ ਜੋ ਦੂਰ ਪੜਾਈ ਲਈ ਨਹੀਂ ਜਾ ਸਕਦੇ ਹੁਣ ਆਪਣੇ ਇਲਾਕੇ ਵਿੱਚ ਹੀ ਬੀਐਡ ਅਤੇ ਹੋਰ ਕੋਰਸ ਵੀ ਕਰ ਸਕਦੇ ਹਨ। ਇਹ ਕੋਰਸ ਉਹਨਾਂ ਲਈ ਵੀ ਫਾਇਦੇਮੰਦ ਹੈ ਜੋ ਅੱਗੇ ਚੱਲ ਕੇ ਵਿਦੇਸ਼ ਜਾਣਾ ਚਾਹੁੰਦੇ ਹਨ।
ਸੀਟਾਂ ਘੱਟ ਹਨ ਇਸ ਲਈ ਦੇਰ ਨਾ ਕਰੋ ਅੱਜ ਹੀ ਦਾਖਲਾ ਲਵੋ
ਤੇ ਆਪਣਾ ਭਵਿੱਖ ਸੁਰਖਿਅੱਤ ਬਣਾਓ।
ਹੋਰ ਜਾਣਕਾਰੀ ਲਈ ਕਾਲਜ ਦੇ ਇਹਨਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹੋ।
9501514382, 9988811059, 8847000523
ਧੰਨੁ ਧੰਨੁ ਧੰਨੁ ਜਨੁ ਆਇਆ॥
ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੇ
ਜਨਮ ਦਿਨ ਸਬੰਧੀ
ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ
ਗੁਰਮਤਿ ਸਮਾਗਮ
17 ਜੂਨ 2026
ਸਮਾਂ : ਸਵੇਰੇ 10.00 ਤੋਂ 3.30 ਵਜੇ
ਅੰਮ੍ਰਿਤ ਸੰਚਾਰ : ਸਵੇਰੇ 11.00 ਵਜੇ
ਪ੍ਰਾਰਥਕ : ਟਰਸਟ ਰਤਵਾੜਾ ਸਾਹਿਬ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ ਛੱਤਰ ਛਾਇਆ ਹੇਠ
ਸੰਤ ਬਾਬਾ ਹਰਪਾਲ ਸਿੰਘ ਜੀ ਦੀ
ਅਸਟ੍ਰੇਲੀਆ
ਪਹਿਲੀ ਰੂਹਾਨੀ ਪ੍ਰਚਾਰ ਫੇਰੀ
ਪ੍ਰੋਗਰਾਮ
ਅਸਟਰੇਲੀਆ ਰੂਹਾਨੀ ਫੇਰੀ 2026
GURDWARA SAHIB, CRAIGIEBURN :
20 JUNE (7:40PM TO 8:25 PM)
21 JUNE (12:15PM TO 1:00PM)
GURDWARA SAHIB, TARNEIT :
24 JUNE (12.00PM TO 1.00PM)
25, 26 AND 27 JUNE (7.00 PM TO 8.00PM)
28 JUNE (12.00PM TO 1.00PM)
GURDUARA SAHIB, PLUMPTON:
30 JUNE TO 05 JULY (6:30PM TO 7:30PM)
Blackburn Gurdwara Sahib
9TH AND 10TH JULY
(7:00 pm to 8:00pm)
GURDUARA MIRI PIRI SAHIB, DEANSIDE :
11 JULY (3:30PM TO 4:30PM),
12 JULY (12:30 TO 1:30PM)
CANBERRA
13, 14 JULY (5.00PM TO 7.00PM)
TELEPHONE : 043 390 1102
GURDWARA SINGH SABHA
895 KIDMAN WAY, GRIFFITH
NSW 2680
15 JULY (5:30PM TO 7.00PM)
BHAI GURINDER SINGH
TELEPHONE : 041 619 6395
GURDWARA SHEPPARTON SAHIB
240 DOYLES RD, SHEPPARTON VIC
18TH JULY (5:30 TO 7:00 PM)
19TH JULY (11:30AM TO 12:30PM)
BHAI GURINDER SINGH
TELEPHONE : 041 619 6395
FOR PROGRAM BOOKINGS
0421 006 082
0431 709 605
ਨਰਸਿੰਗ ਸਕੂਲ – ਰਤਵਾੜਾ ਸਾਹਿਬ
ਆਪ ਜੀ ਨੂੰ ਇਹ ਦੱਸਿਆ ਜਾਂਦਾ ਹੈ ਕਿ ਰਤਵਾੜਾ ਸਾਹਿਬ ਵਿਖੇ ਨਰਸਿੰਗ ਸਕੂਲ ਵੀ ਚੱਲ ਰਿਹਾਂ ਹੈ।
ਜਿਹੜੀਆਂ ਬੱਚੀਆਂ ਨੇ 10+2 ਪਾਸ ਕੀਤੀ ਹੈ ਉਹ ਨਰਸ ਬਣਨਾ ਚਾਹੁੰਦੀਆਂ ਹਨ
ਜਾਂ ਵਿਦੇਸ਼ ਜਾਣਾ ਚਾਹੁੰਦੀਆਂ ਹਨ। ਉਹ ਰਤਵਾੜਾ ਸਾਹਿਬ ਵਿੱਚ
ਜੀ.ਐਨ.ਐਮ. (G.N.M) ਦਾ ਤਿੰਨ ਸਾਲ ਦਾ ਕੋਰਸ ਕਰ ਸਕਦੀਆਂ ਹਨ।
ਇਸ ਕਰਕੇ ਜਲਦੀ ਦਾਖਲਾ ਲੈਣ ਲਈ ਕਾਲਜ ਦੇ ਇਹਨਾਂ ਨੰਬਰਾਂ ਤੇ ਸੰਪਰਕ ਕਰੋ
ਸੀਟਾਂ ਸੀਮਤ ਹਨ
ਹੇਠ ਲਿਖੇ ਨੰਬਰਾਂ ਉੱਤੇ ਸੰਪਰਕ ਕਰੋ। 8284853375, 7710449755